
ਪਰਵਾਸੀ ਪੰਜਾਬੀ ਸਾਹਿਤ ਨੂੰ ਸਮਰਪਿਤ ਜਨਵਰੀ 2021

# ਪਰਵਾਸ

## ਕਿਸਾਨੀ ਸੰਘਰਸ਼ ਵਿਸ਼ੇਸ਼ ਅੰਕ




ਪਰਵਾਸੀ ਸਾਹਿਤ ਅਧਿਅਨ ਕੇਂਦਰ
ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ

# ਪਰਵਾਸੀ ਸਾਹਿਤ ਅਧਿਅਨ ਕੇਂਦਰ
# ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ ਦੇ ਵਿੱਛੜੇ ਸਤਿਕਾਰਯੋਗ ਸੱਜਣਾਂ ਨੂੰ ਯਾਦ ਕਰਦਿਆਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਾ ਹੈ



ਸ. ਭਗਵੰਤ ਸਿੰਘ
(1938–2020)



ਸ. ਮਨਮੋਹਨ ਸਿੰਘ ਕਪੂਰ
(1946–2020)

**ਕੇਂਦਰ ਸਰਕਾਰ ਦੇ ਕਿਸਾਨੀ ਸਬੰਧੀ ਕਾਲੇ ਕਾਨੂੰਨਾਂ ਦੇ ਖ਼ਿਲਾਫ਼ ਬੜੇ ਸਿਦਕ ਤੇ ਸਿਰੜ ਨਾਲ ਸੰਘਰਸ਼ ਕਰਦੇ ਹੋਏ ਕਿਸਾਨੀ ਅੰਦੋਲਨ ਵਿਚ ਸ਼ਹੀਦ ਹੋਏ ਕਿਸਾਨਾਂ ਨੂੰ ਪਰਵਾਸੀ ਸਾਹਿਤ ਅਧਿਅਨ ਕੇਂਦਰ ਸ਼ਰਧਾਂਜਲੀ ਭੇਟ ਕਰਦਾ ਹੈ**

**ਪੁਸਤਕ ਲੜੀ-10** **ਕਿਸਾਨੀ ਸੰਘਰਸ਼ ਵਿਸ਼ੇਸ਼ ਅੰਕ 2021**

# ਪਰਵਾਸ

**(ਪਰਵਾਸੀ ਪੰਜਾਬੀ ਸਾਹਿਤ ਨੂੰ ਸਮਰਪਿਤ)**

**ਮੁੱਖ ਸੰਪਾਦਕ**
ਡਾ. ਸ. ਪ. ਸਿੰਘ

**ਮੁੱਖ ਪ੍ਰਬੰਧਕ**
ਪ੍ਰਿੰ. ਡਾ. ਅਰਵਿੰਦਰ ਸਿੰਘ
ਡਾ. ਭੁਪਿੰਦਰ ਸਿੰਘ

**ਸੰਪਾਦਕ**
ਡਾ. ਤੇਜਿੰਦਰ ਕੌਰ
ਪ੍ਰੋ. ਸ਼ਰਨਜੀਤ ਕੌਰ

**ਸਹਿ-ਸੰਪਾਦਕ**
ਡਾ. ਗੁਰਪ੍ਰੀਤ ਸਿੰਘ
ਡਾ. ਹਰਪ੍ਰੀਤ ਸਿੰਘ ਦੂਆ

**ਸਹਿਯੋਗੀ (ਭਾਰਤ)**
ਪ੍ਰੋ. ਗੁਰਭਜਨ ਸਿੰਘ ਗਿੱਲ
+919872631199
ਪ੍ਰੋ. ਮਨਜੀਤ ਸਿੰਘ ਛਾਬੜਾ
+919815100791
ਡਾ. ਅੰਮ੍ਰਿਤਪਾਲ ਕੌਰ
+918146565014
ਡਾ. ਲਖਵਿੰਦਰ ਸਿੰਘ ਜੌਹਲ
+919417194812
ਡਾ. ਹਰਚੰਦ ਸਿੰਘ ਬੇਦੀ
+91872867377
ਡਾ. ਮੁਨੀਸ਼ ਕੁਮਾਰ
+917837901025

**ਸਹਿਯੋਗੀ (ਵਿਦੇਸ਼)**
ਸੁੱਖੀ ਬਾਠ (ਪੰਜਾਬ ਭਵਨ ਕੈਨੇਡਾ)
+16045064426
ਪ੍ਰੋ. ਸਰਬਜੀਤ ਸਿੰਘ (ਕੈਨੇਡਾ)
+16047658417
ਸਰਬਜੀਤ ਸੋਹੀ (ਆਸਟਰੇਲੀਆ)
+61410584302
ਬਲਵਿੰਦਰ ਸਿੰਘ ਚਾਹਲ (ਯੂ. ਕੇ.)
+447491073808
ਕੁਲਵਿੰਦਰ ਸਿੰਘ (ਅਮਰੀਕਾ)
+19253130281
ਮੋਹਨ ਗਿੱਲ (ਕੈਨੇਡਾ)
+17789080914

ਟਾਇਪ ਸੈਟਿੰਗ: ਰਜਿੰਦਰ ਸਿੰਘ +919465642568

**ਪਰਵਾਸੀ ਸਾਹਿਤ ਅਧਿਅਨ ਕੇਂਦਰ**
**ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ**
**parvasggn@gmail.com, +9187290-80250,+9195010-27522**

# ਇਸ ਅੰਕ ਵਿਚ


**ਸੰਪਾਦਕੀ** **ਡਾ. ਸ. ਪ. ਸਿੰਘ**

## ਲੇਖ

ਕਿਸਾਨ ਲਹਿਰ, ਪੰਜਾਬ ਦੀ ਖੇਤੀ ਅਤੇ ਵਾਤਾਵਰਣ ਡਾ. ਸੁੱਚਾ ਸਿੰਘ ਗਿੱਲ

## ਕੈਨੇਡੀਅਨ ਕਵੀ... .ਗਜ਼ਲ/ਨਜ਼ਮ/ਗੀਤ

ਨਵਤੇਜ ਭਾਰਤੀ ਮੋਹਨ ਗਿੱਲ ਵਰਿਆਮ ਸਿੰਘ ਸੰਧੂ ਚਰਨ ਸਿੰਘ
ਪ੍ਰੋ. ਜਗੀਰ ਕਾਹਲੋਂ ਸੁਰਿੰਦਰ ਗੀਤ ਸੁਰਜੀਤ ਕੌਰ ਜਸਵਿੰਦਰ
ਭੁਪਿੰਦਰ ਦੁਲੇਅ ਕਵਿੰਦਰ ਚਾਂਦ ਸੁੱਖ ਬਰਾੜ ਓਂਕਾਰ ਪ੍ਰੀਤ
ਗੁਰਦੀਸ਼ ਕੌਰ ਗਰੇਵਾਲ ਅਮਰਦੀਪ ਸੰਧਾਵਾਲੀਆ ਅਜਾਇਬ ਸਿੰਘ ਸੰਧੂ
ਰੁਪਿੰਦਰ ਸਿੰਘ ਦਿਓਲ ਰਾਜਪਾਲ ਬੋਪਾਰਾਏ ਹਰਸ਼ਰਨ ਕੌਰ ਕੁਲਵਿੰਦਰ ਖਹਿਰਾ
ਬਲਜੀਤ ਖ਼ਾਨ ਪਰਮਜੀਤ ਕੌਰ ਦਿਓਲ ਕੇਵਲ ਸਿੰਘ ਨਿਰਦੋਸ਼ ਪਰੀਤ ਚਹਿਲ
ਰਾਜਿੰਦਰ ਸਿੰਘ ਸੇਖੋਂ ਜਗਦੇਵ ਸਿੰਘ ਚਾਹਲ ਨਿਰਮਲ ਸਿੱਧੂ ਮੇਹਰ ਸਿੰਘ ਚੀਮਾ
ਸੰਜੀਵ ਆਹਲੂਵਾਹਲੀਆ ਸ਼ਾਹਗੀਰ ਗਿੱਲ

## ਅਮਰੀਕਨ ਕਵੀ... .ਗਜ਼ਲ/ਨਜ਼ਮ/ਗੀਤ

ਸੁਖਵਿੰਦਰ ਕੰਬੋਜ ਬੀਬੀ ਸੁਰਜੀਤ ਕੌਰ ਚਰਨਜੀਤ ਸਿੰਘ ਪੰਨੂ ਬਲਦੇਵ ਬਾਵਾ
ਹਰਜਿੰਦਰ ਕੰਗ ਡਾ. ਗੁਰਬਖ਼ਸ਼ ਭੰਡਾਲ ਹਰਵਿੰਦਰ ਰਿਆੜ ਨਕਸ਼ਦੀਪ ਪੰਜਕੋਹਾ
ਇਕਵਿੰਦਰ ਸਿੰਘ ਅਬਦੁਲ ਕਰੀਮ ਕੁਦਸੀ ਸੁਰਜੀਤ ਸਖੀ ਕਰਮ ਲੁਧਿਆਣਵੀ
ਮਨਜੀਤ ਕੌਰ ਸੇਖੋਂ ਰੋਮੀ ਬੈਂਸ ਖਰਲਾਂ ਸ਼ਸ਼ੀਕਾਂਤ ਉੱਪਲ ਕੁਲਵਿੰਦਰ
ਤਰਲੋਚਨ ਸਿੰਘ(ਦੁਪਾਲਪੁਰ) ਰਵਿੰਦਰ ਸਹਿਰਾਅ ਸੁਰਿੰਦਰ ਸੋਹਲ ਬਿਕਰਮ ਸੋਹੀ
ਰਣਜੀਤ ਸਿੰਘ ਗਿੱਲ (ਜੱਗਾ) ਰਮਨ ਵਿਰਕ ਹਰਪ੍ਰੀਤ ਸਿੰਘ ਗਿੱਲ

## ਯੂਰੋਪੀਅਨ ਕਵੀ... .ਗਜ਼ਲ/ਨਜ਼ਮ/ਗੀਤ

ਜਗਤਾਰ ਢਾਅ ਡਾ. ਅਮਰ ਜਿਓਤੀ ਅਜ਼ੀਮ ਸ਼ੇਖ਼ਰ ਦਰਸ਼ਨ ਬੁਲੰਦਵੀ
ਬਲਵਿੰਦਰ ਸਿੰਘ ਚਾਹਲ ਡਾ. ਲੋਕ ਰਾਜ ਦਾਦਰ ਪੰਡੋਰਵੀ ਜਸਵਿੰਦਰ ਮਾਨ
ਗੁਰਮੇਲ ਕੌਰ ਸੰਘਾ (ਥਿੰਦ) ਦਲਜਿੰਦਰ ਰਹਿਲ ਨੀਲੂ ਜਰਮਨੀ

## ਆਸਟਰੇਲੀਅਨ ਕਵੀ... .ਗਜ਼ਲ/ਨਜ਼ਮ/ਗੀਤ

ਮਨਦੀਪ ਬਰਾੜ ਡਾ. ਦਵਿੰਦਰ ਸਿੰਘ ਜੀਤਲਾ ਬਲਵਾਨ ਸਿੰਘ ਬਰਾੜ ਧਨਵੰਤ ਸਿੰਘ ਭੱਠਲ



ਵਿੱਤੀ ਸਹਿਯੋਗ

**ਸੁੱਖੀ ਬਾਠ, ਪੰਜਾਬ ਭਵਨ ਸਰੀ, ਕੈਨੇਡਾ**
**ਸਾਹਿਤ ਸੁਰ ਸੰਗਮ ਸਭਾ, ਇਟਲੀ**
**ਇੰਡੋਜ਼ ਪੰਜਾਬੀ ਸਾਹਿਤ ਅਕਾਡਮੀ ਆਫ਼ ਆਸਟਰੇਲੀਆ**
**ਨਕਸ਼ਦੀਪ ਪੰਜਕੋਹਾ, ਅਮਰੀਕਾ**

ਸੰਪਾਦਕੀ

# ਧਰਤਿ ਵੰਗਾਰੇ ਤਖ਼ਤ ਨੂੰ



ਸ੍ਰੀ ਗੁਰੂ ਨਾਨਕ ਦੇਵ ਜੀ ਅਜਿਹੇ ਕਿਸਾਨ ਸਨ ਜਿਨ੍ਹਾਂ ਨੇ ਅਮਲੀ ਤੌਰ 'ਤੇ ਸ੍ਰੀ ਕਰਤਾਰਪੁਰ ਸਾਹਿਬ ਵਿੱਚ 17 ਸਾਲ ਖੇਤੀ ਕੀਤੀ। ਉਨ੍ਹਾਂ ਨੇ ਜੀਵਨ ਦੇ ਅਖੀਰਲੇ ਸਾਲਾਂ ਵਿੱਚ ਅਧਿਆਤਮਕਤਾ ਦੀ ਸਿਖਰ ਨੂੰ ਪਹੁੰਚ ਕੇ, ਸਾਰੇ ਦੇਸ਼ ਵਿੱਚ ਹੀ ਨਹੀਂ ਸਗੋਂ ਵਿਦੇਸ਼ਾਂ ਵਿੱਚ ਵੀ ਸੱਚੀ ਸੁੱਚੀ ਜੀਵਨ ਜਾਚ ਦਾ ਪ੍ਰਚਾਰ ਕਰਨ ਉਪਰੰਤ ਖੇਤੀ ਕਰਕੇ ਕਿਰਸਾਨੀ ਨੂੰ ਸਵੈਮਾਨ ਪ੍ਰਦਾਨ ਕੀਤਾ।

ਅੱਜ 550 ਸਾਲਾਂ ਬਾਅਦ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੈਰੋਕਾਰ ਉਨ੍ਹਾਂ ਦੇ ਪਦ ਚਿੰਨ੍ਹਾਂ ਤੇ ਚੱਲਦੇ ਹੋਏ ਆਪਣੀ ਹੱਕ ਤੇ ਸੱਚ ਦੀ ਲੜਾਈ ਨੂੰ ਫ਼ੈਸਲਾਕੁੰਨ ਸਥਿਤੀ ਤਕ ਪਹੁੰਚਾਉਣ ਵਿੱਚ ਸਫ਼ਲ ਹੋਏ ਹਨ ਅਤੇ ਪੰਜਾਬ ਦੇ ਕਿਸਾਨਾਂ ਨੇ ਕਿਰਸਾਣੀ ਦੇ ਹੱਕਾਂ ਲਈ ਸੱਚ ਦਾ ਰਸਤਾ ਅਖਤਿਆਰ ਕਰਦੇ ਹੋਏ ਸੰਘਰਸ਼ ਨੂੰ ਕੇਵਲ ਕਿਰਸਾਣੀ ਤੱਕ ਹੀ ਸੀਮਤ ਨਹੀਂ ਰੱਖਿਆ ਸਗੋਂ ਅੱਜ ਇਹ ਜਨ ਅੰਦੋਲਨ ਦਾ ਰੂਪ ਅਖ਼ਤਿਆਰ ਕਰ ਗਿਆ ਹੈ, ਪਰਵਾਸੀ ਭਾਰਤੀਆਂ ਵੱਲੋਂ ਵੀ ਇਸ ਅੰਦੋਲਨ ਨੂੰ ਭਰਵਾਂ ਸਮਰਥਨ ਪ੍ਰਾਪਤ ਹੋਇਆ। ਕਿਰਸਾਨੀ ਜਨ ਅੰਦੋਲਨ ਦਾ ਪ੍ਰਭਾਵ ਹਰ ਵਰਗ ਉਪਰ ਦੇਖਿਆ ਜਾ ਸਕਦਾ ਹੈ ਅਤੇ ਇਸ ਤੋਂ ਲੇਖਕ ਵੀ ਅਭਿੱਜ ਨਹੀਂ ਰਹਿ ਸਕੇ ਜਿਸ ਦੇ ਫਲਸਰੂਪ ਭਾਰਤ ਵਿੱਚ ਹੀ ਨਹੀਂ ਸਗੋਂ ਵਿਦੇਸ਼ਾਂ ਵਿੱਚ ਵੱਸਦੇ ਹੋਏ ਪਰਵਾਸੀ ਲੇਖਕਾਂ ਨੇ ਵੀ ਆਪਣੀਆਂ ਰਚਨਾਵਾਂ ਰਾਹੀਂ ਸਮਰਥਨ ਪ੍ਰਦਾਨ ਕੀਤਾ ਹੈ। ਇਨ੍ਹਾਂ ਵਿੱਚ ਕਵੀਆਂ ਦਾ ਵੱਡਾ ਯੋਗਦਾਨ ਹੈ। ਇਸ ਸਮੇਂ ਸੌ ਤੋਂ ਵੀ ਵਧੀਕ ਪਰਵਾਸੀ ਪੰਜਾਬੀ ਕਵੀਆਂ ਦੀਆਂ ਰਚਨਾਵਾਂ ਪੜ੍ਹਨ ਨੂੰ ਪ੍ਰਾਪਤ ਹੋਈਆਂ ਹਨ ਉਨ੍ਹਾਂ ਵਿੱਚੋਂ ਕੁਝ ਰਚਨਾਵਾਂ ਨੂੰ ਪਰਵਾਸ ਦੇ ਵਿਸ਼ੇਸ਼ ਅੰਕ ਵਿੱਚ ਪੇਸ਼ ਕਰਦੇ ਹੋਏ ਅਦਾਰਾ ਪਰਵਾਸ ਤੇ ਪਰਵਾਸੀ ਪੰਜਾਬੀ ਅਧਿਐਨ ਕੇਂਦਰ, ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਮਾਣ ਮਹਿਸੂਸ ਕਰਦਾ ਹੈ।

ਪਰਵਾਸ ਦੇ ਇਸ ਵਿਸ਼ੇਸ਼ ਅੰਕ ਦੀ ਸੰਪਾਦਨਾ ਵਿਚ ਆਪਣੇ ਵਿਸ਼ੇਸ਼ ਯਤਨਾਂ ਕਰਕੇ ਡਾ. ਤੇਜਿੰਦਰ ਕੌਰ, ਪ੍ਰੋ. ਸ਼ਰਨਜੀਤ ਕੌਰ ਤੋਂ ਇਲਾਵਾ ਕਾਲਜ ਦੇ ਪੁਰਾਣੇ ਵਿਦਿਆਰਥੀ ਪ੍ਰੋ. ਗੁਰਭਜਨ ਸਿੰਘ ਗਿੱਲ ਤੇ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਭੱਲਾ ਧੰਨਵਾਦ ਦੇ ਪਾਤਰ ਹਨ।

ਪਾਠਕਾਂ ਦੇ ਸਾਕਾਰਾਤਮਕ ਹੁੰਗਾਰੇ ਦੀ ਆਸ ਵਿੱਚ

**ਸ. ਪ. ਸਿੰਘ (ਡਾ.)**

**ਮੁੱਖ ਸੰਪਾਦਕ**

# ਕਿਸਾਨ ਲਹਿਰ, ਪੰਜਾਬ ਦੀ ਖੇਤੀ ਅਤੇ ਵਾਤਾਵਰਣ

**ਡਾ. ਸੁੱਚਾ ਸਿੰਘ ਗਿੱਲ**



ਉੱਘੇ ਅਰਥ ਸ਼ਾਸਤਰੀ ਸੁੱਚਾ ਸਿੰਘ ਗਿੱਲ ਅਰਥ ਸ਼ਾਸਤਰ ਦੇ ਖੇਤਰ ਵਿੱਚ ਬੜੀ ਜਾਣੀ ਪਛਾਣੀ ਸ਼ਖਸੀਅਤ ਹਨ। ਆਰਥਿਕਤਾ ਦਾ ਵਿਕਾਸ, ਅੰਤਰਰਾਸ਼ਟਰੀ ਅਰਥ ਸ਼ਾਸਤਰ ਤੇ ਪੰਜਾਬ ਦੀ ਆਰਥਿਕਤਾ ਆਦਿ ਵਿਸ਼ਿਆਂ ਵਿੱਚ ਉਨ੍ਹਾਂ ਨੂੰ ਵਿਸ਼ੇਸ਼ ਮੁਹਾਰਤ ਹਾਸਿਲ ਹੈ। ਉਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਅਰਥ ਸ਼ਾਸਤਰ ਵਿਭਾਗ ਦੇ ਪ੍ਰੋਫੈਸਰ ਤੇ ਮਗਰੋਂ ਮੁਖੀ ਵਜੋਂ ਕਾਰਜਸ਼ੀਲ ਰਹੇ ਹਨ। ਸਿੱਖਿਆ, ਰਾਜਨੀਤੀ ਤੇ ਅਰਥਚਾਰੇ ਨਾਲ ਸਬੰਧਤ ਉਨ੍ਹਾਂ ਦੀਆਂ ਦੋ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਉਹ ਰਿਸਰਚ ਇਨ ਰੂਰਲ ਐਂਡ ਇੰਡਸਟ੍ਰੀਅਲ ਡਿਵੈੱਲਪਮੈਂਟ ਸੈਂਟਰ ਦੇ ਮੈਂਬਰ ਵੀ ਹਨ

ਜਿਸ ਸੂਝ-ਬੂਝ ਨਾਲ ਕਿਸਾਨ ਲੀਡਰਸ਼ਿਪ ਨੇ ਪਿਛਲੇ ਕੁਝ ਦਿਨਾਂ ਮਹੀਨਿਆਂ ਤੋਂ ਅੰਦੋਲਨ ਚਲਾਇਆ ਹੈ ਉਸ ਤੋਂ ਇਹ ਆਸ ਬੱਝ ਗਈ ਹੈ ਕਿ ਇਹ ਲੀਡਰਸ਼ਿਪ ਪੰਜਾਬ ਦੇ ਚਾਰ ਦਹਾਕਿਆਂ ਤੋਂ ਚਲੇ ਆ ਰਹੇ ਖੇਤੀ ਸੰਕਟ ਅਤੇ ਨਾਲ ਵਾਤਾਵਰਣ ਵਿਚ ਆਏ ਵਿਗਾੜ ਨੂੰ ਵੀ ਹੱਲ ਕਰਨ ਦੇ ਸਮਰੱਥ ਹੈ। ਇਹ ਆਸ ਬੱਝਣੀ ਸੁਭਾਵਿਕ ਵੀ ਹੈ। ਇਹ ਇਸ ਕਰਕੇ ਹੈ ਕਿ ਪਹਿਲੀ ਵਾਰ ਇਹ ਸੰਭਵ ਹੋਇਆ ਹੈ ਕਿ 31 ਜਥੇਬੰਦੀਆਂ ਵਲੋਂ ਕਿਸਾਨੀ ਮੁੱਦਿਆਂ ਨੂੰ ਲੈ ਕੇ ਆਪਸੀ ਸਹਿਮਤੀ ਬਣੀ ਅਤੇ ਇਨ੍ਹਾਂ ਮੁੱਦਿਆਂ ਉੱਪਰ ਸਫਲ ਅੰਦੋਲਨ ਚਲਾਇਆ ਹੈ। ਇਹ ਜਥੇਬੰਦੀਆਂ ਕੇਂਦਰ ਸਰਕਾਰ ਨਾਲ ਕਿਸਾਨੀ ਮੁੱਦਿਆਂ ’ਤੇ ਦੋ ਵਾਰ ਗੱਲਬਾਤ ਬੜੀ ਸਿਆਣਪ ਨਾਲ ਕਰ ਸਕੀਆਂ ਹਨ। ਇਸ ਤੋਂ ਇਲਾਵਾ ਪਹਿਲੀ ਵਾਰ ਇਹ ਅੰਦੋਲਨ ਪੰਜਾਬ ਦੀਆਂ ਮੁੱਖ ਸਿਆਸੀ ਪਾਰਟੀਆਂ (ਬੀ. ਜੇ. ਪੀ. ਨੂੰ ਛੱਡ ਕੇ) ਦੀ ਹਮਾਇਤ ਹਾਸਲ ਕਰ ਸਕਿਆ ਹੈ। ਐਸਾ ਘਟਨਾ ਕ੍ਰਮ ਅਤੇ ਐਸੀਆਂ ਹਾਲਤਾਂ ਪੰਜਾਬ ਵਿਚ ਪਹਿਲੀ ਵਾਰ ਪੈਦਾ ਹੋਈਆਂ ਹਨ ਜਦੋਂ ਕਿ ਕਿਸਾਨ ਲਹਿਰ, ਸਿਆਸੀ ਪਾਰਟੀਆਂ ਅਤੇ ਸਰਕਾਰ ਇਕੋ ਲੜੀ ਵਿਚ ਖੜੇ ਨਜ਼ਰ ਆ ਰਹੇ ਹਨ। ਐਸੇ ਹਾਲਤਾਂ ਵਿਚ ਕਿਸਾਨੀ ਸੰਕਟ ਦੇ ਹੱਲ ਅਤੇ ਇਸ ਨਾਲ ਜੁੜੇ ਵਾਤਾਵਰਣ (ਖਾਸ ਕਰਕੇ ਧਰਤੀ ਹੇਠ ਵੱਧ ਰਹੀ ਪਾਣੀ ਦੀ ਘਾਟ, ਜ਼ਮੀਨ ਦਾ ਜ਼ਹਿਰੀਕਰਣ ਅਤੇ ਹਵਾ ਦੇ ਪ੍ਰਦੂਸ਼ਣ) ਦੀਆਂ ਸਮੱਸਿਆਵਾਂ ਦੇ ਹੱਲ ਹੋਣ ਦੀ ਆਸ ਬੱਝਣੀ ਸੁਭਾਵਿਕ ਹੈ।

ਪੰਜਾਬ ਦੀ ਖੇਤੀ ਅਤੇ ਵਾਤਾਵਰਣ ਅੱਜ ਘੋਰ ਸੰਕਟ ਦੇ ਸ਼ਿਕਾਰ ਹਨ। ਇੰਨ੍ਹਾ ਦੋਵਾਂ ਸੰਕਟਾਂ ਦਾ ਆਪਸ ਵਿਚ ਗਹਿਰਾ ਸਬੰਧ ਵੀ ਹੈ। ਇਸ ਸਬੰਧ ਨੂੰ ਸਮਝਣ ਤੋਂ ਬਗੈਰ



ਨਾ ਤਾਂ ਖੇਤੀ ਨੂੰ ਅਤੇ ਨਾ ਹੀ ਵਾਤਾਵਰਣ ਬਚਾਇਆ ਜਾ ਸਕਦਾ ਹੈ। ਜਦੋਂ 1960ਵਿਆਂ ਵਿਚ ਹਰੀ ਕ੍ਰਾਂਤੀ ਦਾ ਮੁੱਢ ਰੱਖਿਆ ਗਿਆ ਤਾਂ ਇਸ ਵਿਚ ਕਿਸਾਨਾਂ ਨੂੰ ਇਕ ਪੈਕੇਜ ਦਿਤਾ ਗਿਆ। ਜਿਸ ਵਿਚ ਨਵੇਂ ਸੁਧਰੇ ਹੋਏ ਬੀਜ਼, ਰਸਾਇਣਕ ਖਾਦਾਂ, ਯਕੀਨਨ ਸਿੰਚਾਈ ਅਤੇ ਕੀੜੇਮਾਰ ਦਵਾਈਆਂ ਦਾ ਇੱਕਠਿਆਂ ਇਸਤੇਮਾਲ ਕਰਨ ਲਈ ਕਿਸਾਨਾਂ ਨੂੰ ਸਲਾਹ ਦਿੱਤੀ ਗਈ। ਇਸ ਦੇ ਨਾਲ ਕਿਸਾਨਾਂ ਨੂੰ ਪ੍ਰਤੀ ਏਕੜ ਵੱਧ ਝਾੜ ਅਤੇ ਵੱਧ ਮੁਨਾਫੇ ਪ੍ਰਾਪਤ ਕਰਨ ਦਾ ਯਕੀਨ ਪੰਜਾਬ ਖੇਤੀ ਯੂਨੀਵਰਸਿਟੀ ਦੇ ਮਾਹਿਰਾਂ ਅਤੇ ਪੰਜਾਬ ਸਰਕਾਰ ਦੇ ਖੇਤਬਾੜੀ ਵਿਭਾਗ ਦੇ ਮੁਲਾਜ਼ਮਾਂ ਅਫਸਰਾਂ ਵਲੋਂ ਦਿੱਤਾ ਗਿਆ। ਇਸ ਧਾਰਨਾ ਨੂੰ ਸਰਕਾਰੀ ਰੇਡੀਉ, ਅਖ਼ਬਾਰਾਂ ਅਤੇ ਪਿੰਡਾਂ ਵਿੱਚ ਲਗਾਏ ਸਰਕਾਰੀ ਕੈਂਪਾਂ ਰਾਹੀਂ ਖੂਬ ਪ੍ਰਚਾਰਿਆ ਗਿਆ ਅਤੇ ਪੂਰੀ ਸਫਲਤਾ ਨਾਲ ਲਾਗੂ ਕੀਤਾ ਗਿਆ ਸੀ। ਇਸ ਦੇ 15-20 ਸਾਲ ਕਾਫੀ ਚੰਗੇ ਨਤੀਜ਼ੇ ਮਿਲੇ। ਇਸ ਮਾਡਲ ਨਾਲ ਕਿਸਾਨਾਂ ਦੇ ਸਾਰੇ ਵਰਗਾਂ ਨੂੰ ਫਾਇਦਾ ਹੋਇਆ ਪਰ ਛੋਟੇ ਕਿਸਾਨਾਂ ਦੇ ਮੁਕਾਬਲੇ ਵੱਡੇ ਕਿਸਾਨਾਂ ਨੂੰ ਜ਼ਿਆਦਾ ਫਾਇਦਾ ਹੋਇਆ। ਖੇਤ ਮਜ਼ਦੂਰਾਂ ਦੀ ਮਜਦੂਰੀ ਦੀ ਦਰ ਦਿਹਾੜੀ ਵੀ ਵੱਧੀ ਅਤੇ ਰੁਜ਼ਗਾਰ ਦੇ ਦਿਨਾਂ ਵਿਚ ਵਾਧਾ ਵੀ ਹੋਇਆ। ਜਦੋਂ 1970ਵਿਆਂ ਵਿਚ ਟਰੈਕਟਰ ਆਧਾਰਿਤ ਖੇਤੀ ਦਾ ਵਿਕਾਸ ਤੇਜ਼ੀ ਨਾਲ ਹੋਣ ਲੱਗਾ ਤਾਂ ਛੋਟੇ ਕਿਸਾਨ ਇਸ ਦੌੜ ਵਿਚ ਪਛੜਨ ਲੱਗੇ। ਇਸ ਦੇ ਨਾਲ ਇਸ ਸਮੇਂ ਪੰਜਾਬ ਦੇ ਕਿਸਾਨਾਂ ਨੂੰ ਕਣਕ ਤੋਂ ਬਾਅਦ ਅਗਲੀ ਫਸਲ ਝੋਨੇ, (ਚੌਲਾਂ) ਦੀ ਖੇਤੀ ਕਰਨ ਵਾਸਤੇ ਪ੍ਰੇਰਿਆ ਗਿਆ। ਇਨ੍ਹਾਂ ਦੋਵਾਂ ਫਸਲਾਂ ਦੀ ਖਰੀਦ ਵਾਸਤੇ ਕੇਂਦਰ ਸਰਕਾਰ ਵਲੋਂ ਘੱਟੋ ਘੱਟ ਸਮਰਥਨ ਮੁੱਲ ਤਹਿ ਕਰਨ ਵਾਸਤੇ ਐਗਰੀਕਲਚਰਲ ਪ੍ਰਾਇਸ ਕਮਿਸ਼ਨ (Agricultural Price Commission, now Commission for Agricultural Costs and Prices) 1965 ਵਿਚ ਬਣਾਇਆ ਗਿਆ ਅਤੇ ਅਨਾਜ਼ ਦੀ ਖਰੀਦ ਵਾਸਤੇ ਵਾਸਤੇ ਐਫ. ਸੀ. ਆਈ. (Food Corporation fo India) ਸਥਾਪਿਤ

ਕੀਤੀ ਗਈ ਸੀ। ਇਹ ਦੋਵਾਂ ਫਸਲਾਂ ਦਾ ਕੇਂਦਰ ਸਰਕਾਰ ਵਲੋਂ ਕਿਸਾਨਾਂ ਨੂੰ ਨਿਸ਼ਚਿਤ ਭਾਅ ਵੀ ਮਿਲਦਾ ਰਿਹਾ ਹੈ ਅਤੇ ਇਨ੍ਹਾਂ ਦੀ ਸਰਕਾਰੀ ਖਰੀਦ ਵੀ ਚਲਦੀ ਰਹੀ ਹੈ। ਪੰਜਾਬ ਸਰਕਾਰ ਵੱਲੋਂ ਸਰਕਾਰੀ ਮੰਡੀਆਂ ਅਤੇ ਖਰੀਦ ਕੇਂਦਰ ਸਥਾਪਤ ਕੀਤੇ ਗਏ ਅਤੇ 1970ਵਿਆਂ ਵਿਚ ਸਾਰੇ ਪਿੰਡਾਂ ਵਿਚ ਬਿਜਲੀ ਪਹੁੰਚਾਉਣ ਦਾ ਕੰਮ ਪੂਰਾ ਕਰ ਦਿਤਾ ਗਿਆ। ਇਸ ਤੋਂ ਬਾਅਦ ਕਿਸਾਨਾਂ ਨੂੰ ਟਿਊਬਵੈਲ ਲਗਾਉਣ ਵਾਸਤੇ ਸਸਤੇ ਦਰਾਂ ਤੇ ਕਰਜ਼ਿਆਂ ਦਾ ਪ੍ਰਬੰਧ ਕੀਤਾ ਗਿਆ। ਇਸ ਤੋਂ ਇਲਾਵਾ ਟਿਊਬਵੈਲਾਂ ਵਾਸਤੇ ਸਸਤੀਆਂ ਦਰਾਂ ਤੇ ਬਿਜਲੀ ਦੀ ਸਪਲਾਈ ਸ਼ੁਰੂ ਕੀਤੀ ਗਈ। ਜਿਸ ਨੂੰ 1997 ਤੋਂ ਮੁੱਫਤ ਕਰ ਦਿਤਾ ਗਿਆ ਸੀ। ਕੇਂਦਰ ਸਰਕਾਰ ਵਲੋਂ ਰਸਾਇਣਕ ਖਾਦਾਂ ਅਤੇ ਅਤੇ ਕੀੜੇਮਾਰ ਦਵਾਈਆਂ ਉੱਪਰ ਚੋਖੀ ਸਬਸਿਡੀ ਦਾ ਪ੍ਰਬੰਧ ਕੀਤਾ ਗਿਆ। ਸੰਘਣੀ ਖੇਤੀ ਵਾਸਤੇ ਨਵੇਂ ਬੀਜ਼ਾਂ, ਰਸਾਇਣਕ ਖਾਦਾਂ, ਕੀੜੇਮਾਰ ਦਵਾਈਆਂ, ਝੋਨੇ ਦੀ ਫਸਲ ਉਗਾਉਣਾ, ਧਰਤੀ ਹੇਠਲੇ ਪਾਣੀ ਦਾ ਸਿੰਚਾਈ ਵਿਚ ਵਰਤੋਂ ਵੱਧ ਕਰਨਾ ਭਾਵ ਹਰੀ ਕ੍ਰਾਂਤੀ ਨੂੰ ਕਾਮਯਾਬ ਕਰਨ ਵਾਸਤੇ ਪੰਜਾਬ ਸਰਕਾਰ, ਕੇਂਦਰ ਸਰਕਾਰ, ਖੇਤੀ ਮਾਹਰਾਂ,ਸਰਕਾਰੀ ਅਫਸਰਾਂ ਅਤੇ ਕਿਸਾਨਾਂ ਨੇ ਰਲ ਕੇ ਕੰਮ ਕੀਤਾ। ਕੇਂਦਰ ਸਰਕਾਰ ਵਲੋਂ ਲਾਗੂ 1991 ਵਿਚ ਨਵੀਂ ਆਰਥਿਕ ਨੀਤੀ ਅਤੇ ਖਾਸ ਕਰਕੇ 2020 ਵਿਚ ਪਾਸ ਕੀਤੇ ਤਿੰਨ ਐਕਟਾਂ ਤੋਂ ਬਾਅਦ ਇਸ ਸਿਸਟਮ ਨੂੰ ਜਾਰੀ ਰੱਖਣ ਲਈ ਖਤਰਾ ਪੈਦਾ ਹੋ ਗਿਆ ਹੈ।

ਪੰਜਾਬ ਵਿਚ ਖੇਤੀ ਦੇ ਸੰਕਟ ਬਾਰੇ ਬਹਿਸ 1986 ਤੋਂ ਉਸ ਸਮੇਂ ਸ਼ੁਰੂ ਹੋ ਗਈ ਸੀ ਜਦੋਂ ਪੰਜਾਬ ਸਰਕਾਰ ਵਲੋਂ ਬਣਾਈ ਡਾਕਟਰ ਸਰਦਾਰਾ ਸਿੰਘ ਜੌਹਲ ਦੀ ਅਗਵਾਈ ਵਿਚ ਜੌਹਲ ਕਮੇਟੀ ਦੀ ਰਿਪੋਰਟ ਪ੍ਰਕਾਸ਼ਿਤ ਹੋਈ ਸੀ। ਇਸ ਕਮੇਟੀ ਦਾ ਮੁੱਖ ਸੁਝਾਅ ਪੰਜਾਬ ਦੀ ਖੇਤੀ ਵਿਚ ਵਿਭਿੰਨਤਾ ਲਿਆਉਣਾ ਦੱਸਿਆ ਗਿਆ ਸੀ। ਇਸ



ਰਿਪੋਰਟ ਵਿਚ ਇਹ ਦਰਜ਼ ਕੀਤਾ ਗਿਆ ਕਿ ਅਗਲੇ ਕੁਝ ਸਾਲਾਂ ਵਿਚ ਕੁੱਲ ਖੇਤੀ ਹੇਠ ਰਕਬੇ ਦਾ 20× ਹਿਸਾ ਕਣਕ ਅਤੇ ਝੋਨੇ ਤੋਂ ਹਟਾ ਕੇ ਨਵੀਆਂ ਹੋਰ ਫਸਲਾਂ ਹੇਠ ਲਿਆਂਦਾ ਜਾਵੇਗਾ। ਸੁਝਾਈਆਂ ਗਈਆਂ ਹੋਰ ਫਸਲਾਂ ਵਿਚ ਦਾਲਾਂ, ਤੇਲ ਵਾਲੇ ਬੀਜ਼ਾਂ, ਸਬਜ਼ੀਆਂ, ਫਲਾਂ, ਫੁੱਲਾਂ, ਗੰਨਾ, ਦਵਾਈਆਂ ਵਾਲੇ ਪੌਦਿਆਂ, ਚਾਰੇ ਆਦਿ ਨੂੰ ਦਰਜ਼ ਕੀਤਾ ਗਿਆ ਸੀ। ਇਨ੍ਹਾਂ ਫਸਲਾਂ ਦੇ ਮੰਡੀਕਰਣ ਵਾਸਤੇ 20 ਗੰਨਾ ਖੰਡ ਮਿੱਲਾਂ, ਹੋਰ

ਦੁੱਧ ਪਲਾਂਟਾਂ, ਫਲਾਂ ਅਤੇ ਸਬਜ਼ੀਆਂ ਵਾਸਤੇ ਪ੍ਰੋਸੈਸਿੰਗ ਪਲਾਂਟ ਆਦਿ ਸਥਾਪਿਤ ਕਰਨ ਦੇ ਸੁਝਾਅ ਦਿੱਤੇ ਗਏ ਸਨ। ਇਸ ਕਮੇਟੀ ਦਾ ਅਨੁਮਾਨ ਸੀ ਕਿ ਇਸ ਦੇ ਸੁਝਾਵਾਂ ਨੂੰ ਮੰਨਣ ਨਾਲ ਕਾਫੀ ਰੁਜ਼ਗਾਰ ਦੇ ਮੌਕੇ ਪੈਦਾ ਹੋ ਜਾਣਗੇ, ਧਰਤੀ ਹੇਠਲੇ ਪਾਣੀ ਦੀ ਵਰਤੋਂ ਘੱਟਣ ਨਾਲ ਪੰਜਾਬ ਵਿਚ ਵੱਧ ਰਹੀ ਪਾਣੀ ਦੀ ਕਿਲੱਤ ਦੀ ਸਮੱਸਿਆ ਸੁਲਝਾਈ ਜਾ ਸਕੇਗੀ। ਸਾਰਿਆਂ ਤੋਂ ਉੱਪਰ ਨਵੀਆਂ ਫਸਲਾਂ ਤੋਂ ਕਿਸਾਨਾਂ ਨੂੰ ਜਿਆਦਾ ਆਮਦਨ ਪ੍ਰਾਪਤ ਹੋਵੇਗੀ। ਇਸ ਨਾਲ ਛੋਟੇ ਕਿਸਾਨਾਂ ਦੀ ਖੇਤੀ ਘਾਟੇ ਵਾਲੀ ਦੇ ਬਜਾਏ ਫਾਇਦੇਮੰਦ ਹੋ ਜਾਵੇਗੀ ਅਤੇ ਖੇਤ ਮਜ਼ਦੂਰਾਂ ਤੇ ਪੜ੍ਹੇ ਲਿਖੇ ਬੇਰੁਜ਼ਗਾਰਾਂ ਨੂੰ ਨੌਕਰੀਆਂ ਮਿਲ ਜਾਣਗੀਆਂ। ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਪੈਪਸੀ ਕੰਪਨੀ ਭਾਰਤ ਵਿਚ ਪੰਜਾਬ ਦੀ ਖੇਤੀ ਵਿਚ ਵਿਭਿੰਨਤਾ ਲਿਆਉਣ ਦੇ ਨਾਮ 'ਤੇ ਹੀ ਆਈ ਸੀ ਪਰ ਜੌਹਲ ਕਮੇਟੀ ਰਿਪੋਰਟ ਪੂਰੀ ਤਰਾਂ ਨਾਲ ਲਾਗੂ ਨਹੀਂ ਹੋ ਸਕੀ। ਇਕ ਤਾਂ ਪੰਜਾਬ ਦੇ ਹਾਲਾਤ ਕਾਫੀ ਖਰਾਬ ਸਨ। ਉਸ ਵਕਤ ਅਤਿਵਾਦ ਦਾ ਜੋਰ ਸੀ ਅਤੇ ਸਰਕਾਰ ਦੀ ਪਹਿਲਤਾ ਅਤਿਵਾਦ 'ਤੇ ਕਾਬੂ ਪਾਉਣਾ ਸੀ। ਦੂਜੇ ਪਾਸੇ ਕੇਂਦਰ ਸਰਕਾਰ ਨੂੰ ਅਜੇ ਪੰਜਾਬ ਦੀ ਕਣਕ ਅਤੇ ਝੋਨੇ ਦੀ ਦੇਸ਼ ਵਿਚ ਖਾਧ ਸੁਰੱਖਿਆ ਕਾਇਮ ਰੱਖਣ ਵਾਸਤੇ ਜ਼ਰੂਰਤ ਸੀ। ਇਸ ਕਰਕੇ ਸੂਬੇ ਵਿੱਚ ਗਵਰਨਰੀ ਰਾਜ ਸਮੇਂ ਇਨ੍ਹਾਂ ਸੁਝਾਵਾਂ ਵੱਲ ਕੋਈ ਗੰਭੀਰਤਾ ਨਹੀਂ ਦਿਖਾਈ ਗਈ ਸੀ। ਐਸੇ ਕਿਸਮ ਦੇ ਸੁਝਾਅ ਪੰਜਾਬ ਸਰਕਾਰ ਵਲੋਂ ਕਾਇਮ ਜੌਹਲ ਕਮੇਟੀ 2 ਵਲੋਂ 2002 ਵਿਚ ਦਿੱਤੇ ਗਏ ਸਨ। ਇਸ ਦੇ ਨਾਲ ਹੀ ਇਸ ਕਮੇਟੀ ਵਲੋਂ ਇਕ ਨੀਤੀ ਡਿਜਾਇਨ ਵੀ ਪੇਸ਼ ਕੀਤਾ ਗਿਆ ਸੀ ਜਿਸ ਅਨੁਸਾਰ ਜਿਹੜੇ ਕਿਸਾਨ ਕਣਕ, ਝੋਨੇ ਨੂੰ ਛੱਡ ਕੇ ਦੂਜੀਆਂ ਫਸਲਾਂ ਬੀਜਣਗੇ ਉਨ੍ਹਾਂ ਨੂੰ 5000 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਸਰਕਾਰ ਸਬਸਿਡੀ ਦੇਵੇਗੀ। ਇਸ ਪ੍ਰੋਗਰਾਮ ਨੂੰ ਸਫ਼ਲ ਬਨਾਉਣ ਵਾਸਤੇ ਕੇਂਦਰ ਸਰਕਾਰ ਤੋਂ ਸਾਲਾਨਾ 1250 ਕਰੋੜ ਦੀ ਮੰਗ ਰੱਖੀ ਗਈ ਸੀ। ਕੇਂਦਰ ਸਰਕਾਰ ਵਲੋਂ ਇਸ ਪ੍ਰੋਗਰਾਮ ਨੂੰ ਕੋਈ ਹੁੰਗਾਰਾ ਨਾ ਮਿਲਿਆ। ਪਰ ਪੰਜਾਬ ਸਰਕਾਰ ਵੱਲੋਂ ਕਈ ਵੱਡੀਆਂ ਕੰਪਨੀਆਂ ਜਿਵੇਂ ਟਾਟਾ ਰੈਲੀ, ਰਿਲਾਇੰਸ, ਆਦਿ ਨਾਲ ਮਿਲ ਕੇ ਕੰਟਰੈਕਟ ਫਾਰਮਿੰਗ ਰਾਹੀਂ ਖੇਤੀ ਵਿਭਿੰਨਤਾ ਦਾ



ਪੋਗਰਾਮ ਪੰਜਾਬ ਵਿਚ ਲਾਗੂ ਕੀਤਾ ਗਿਆ। ਇਹ ਪ੍ਰੋਗਰਾਮ ਬੁਰੀ ਤਰਾਂ ਫੇਲ ਹੋ ਗਿਆ ਅਤੇ ਕਣਕ, ਝੋਨੇ ਹੇਠਾਂ ਰਕਬਾ ਪਿਛਲੇ ਸਾਲਾਂ ਤੋਂ ਵੀ ਵੱਧ ਗਿਆ। ਇਸ ਤੋਂ ਬਾਅਦ 2013 ਵਿਚ ਡਾਕਟਰ ਕਾਲਕੱਟ ਕਮੇਟੀ ਵੱਲੋਂ ਫਸਲੀ ਵਿਭਿੰਨਤਾ ਦਾ ਪ੍ਰੋਗਰਾਮ ਪੇਸ਼ ਕੀਤਾ ਗਿਆ ਜਿਸ ਨੂੰ ਪੰਜਾਬ ਸਰਕਾਰ ਨੇ ਵਿਚਾਰਿਆ ਹੀ ਨਹੀਂ। ਅੱਜ ਵੀ ਖੇਤੀ ਵਿਭਿੰਨਤਾ ਦੇ ਪ੍ਰੋਗਰਾਮ ਨੂੰ ਲਾਗੂ ਕਰਨ ਬਾਰੇ ਕਈ ਮਾਹਰ ਅਤੇ ਲੇਖਕ ਸੁਝਾਅ ਦੇ ਰਹੇ ਹਨ। ਇਸ ਦੇ ਨਾਲ ਹੀ ਉਹ ਕੁਦਰਤੀ ਖੇਤੀ ਕਰਨ ਲਈ ਵੀ ਕਹਿੰਦੇ ਹਨ। ਪਰ ਖੇਤੀ ਵਿਭਿੰਨਤਾ ਦੇ ਪ੍ਰੋਗਰਾਮ ਨੂੰ ਨਾ ਤਾਂ ਕੇਂਦਰ ਸਰਕਾਰ ਵਲੋਂ ਹਮਾਇਤ ਮਿਲੀ ਹੈ ਅਤੇ ਨਾਂ ਕਿਸਾਨਾਂ ਵਲੋਂ ਕੋਈ ਖਾਸ ਹੁੰਗਾਰਾ ਮਿਲਿਆ ਹੈ। ਪੰਜਾਬ ਦੀ ਖੇਤੀ ਨੂੰ ਬਿਹਤਰ ਬਨਾਉਣ ਦਾ ਪਿਛਲੇ 30-35 ਸਾਲਾਂ ਵਿਚ ਕੋਈ ਖਾਸ ਪ੍ਰੋਗਰਾਮ ਲਾਗੂ ਨਾ ਹੋਣ ਦੇ ਕਾਰਣ ਜਰਾਇਤੀ ਸੰਕਟ ਸਮੇਂ ਦੇ ਨਾਲ ਹੋਰ ਜਿਆਦਾ ਗੰਭੀਰ ਹੁੰਦਾ ਗਿਆ ਹੈ। ਇਸ ਦੀ ਮਾਰ ਹੇਠ ਕਈ ਸੀਮਾਂਤ ਛੋਟੇ ਕਿਸਾਨ ਅਤੇ ਖੇਤ ਮਜ਼ਦੂਰ ਆ ਗਏ। ਕਿਸਾਨਾਂ ਦੀ ਖੇਤੀ ਘਾਟੇ ਦਾ ਸੌਦਾ ਬਣ ਗਈ ਹੈ ਅਤੇ ਖੇਤ ਮਜਦੂਰਾਂ ਦਾ ਰੁਜ਼ਗਾਰ ਮਸ਼ੀਨੀਕਰਣ ਨੇ ਕਾਫੀ ਘਟਾ ਦਿਤਾ ਹੈ। ਪਹਿਲਾਂ ਗਰੀਬ ਛੋਟੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਸਿਰ ਕਰਜ਼ੇ ਦੀ ਪੰਡ ਚੜ੍ਹ ਗਈ ਇਸ ਦਾ ਭਾਰ ਨਾ ਸਹਾਰਦੇ ਹੋਏ 1997-2017 ਵਿਚਾਲੇ 16606 ਕਿਸਾਨ ਅਤੇ ਖੇਤ ਮਜ਼ਦੂਰ ਆਤਮ ਹੱਤਿਆਵਾਂ ਦੇ ਸ਼ਿਕਾਰ ਹੋ ਗਏ। ਇਸ ਦੇ ਇਲਾਵਾ 2001-2011 ਦੌਰਾਨ ਲਗਭਗ ਇਕ ਲੱਖ ਕਿਸਾਨ ਅਤੇ ਇਸ ਤੋਂ ਵੱਧ ਖੇਤ ਮਜ਼ਦੂਰ ਖੇਤੀ ਵਿਚੋਂ ਬਾਹਰ ਹੋ ਗਏ। ਕਿਸਾਨਾਂ ਵਿਚੋਂ ਜਿਆਦਾ ਛੋਟੇ ਅਤੇ ਸੀਮਾਂਤ ਕਿਸਾਨ ਸਨ ਜਿਨ੍ਹਾ ਵਿਚੋਂ ਬਹੁਤੇ ਕਿਸਾਨਾਂ ਤੋਂ ਮਜ਼ਦੂਰਾਂ ਵਿਚ ਤਬਦੀਲ ਹੋ ਗਏ ਹਨ। ਇਨ੍ਹਾਂ ਦੀ ਸਮਾਜਿਕ ਗਤੀਸ਼ੀਲਤਾ ਹੇਠਾਂ ਡਿੱਗ ਗਈ ਹੈ ਅਤੇ ਇਹ ਖੇਤ ਮਜ਼ਦੂਰਾਂ ਦੀ ਤਰਾਂ ਸਮਾਜਿਕ ਅਸੁਰੱਖਿਆ ਦੇ ਸ਼ਿਕਾਰ ਹਨ।



ਖੇਤੀ ਵਿਭਿੰਨਤਾ ਨਾਲ ਜਮੀਨ ਹੇਠਲੇ ਪਾਣੀ ਨੂੰ ਬਚਾਇਆ ਜਾ ਸਕਦਾ ਹੈ, ਹਵਾ ਨੂੰ ਸਾਫ ਰੱਖਣ ਵਿਚ ਸਹਾਇਤਾ ਮਿਲ ਸਕਦੀ ਹੈ ਅਤੇ ਕਿਸਾਨਾਂ ਦੀ ਆਮਦਨ

ਵਿਚ ਵਾਧਾ ਕਰਨ ਵਾਲੇ ਪਾਸੇ ਕਦਮ ਉੱਠ ਸਕਦੇ ਹਨ। ਪਰ ਇਸ ਪ੍ਰੋਗਰਾਮ ਨੂੰ ਲਾਗੂ ਕਰਨ ਜਾਂ ਕੋਈ ਹੋਰ ਕਿਸਾਨ ਪੱਖੀ ਪ੍ਰੋਗਰਾਮ ਲਾਗੂ ਕਰਨ ਵਿਚ ਆਉਂਦੀਆਂ ਰੁਕਾਵਟਾਂ ਨੂੰ ਸਮਝਣ ਦੀ ਕਾਫੀ ਹੱਦ ਤਕ ਜ਼ਰੂਰਤ ਹੈ।

ਖੇਤੀ ਦੇ ਸੁਧਾਰ ਜਾਂ ਖੇਤੀ ਨੂੰ ਲਾਹੇਵੰਦ ਧੰਦਾ ਬਨਾਉਣ ਵਾਸਤੇ ਕੋਈ ਵੀ ਪ੍ਰੋਗਰਾਮ ਉਸ ਵਕਤ ਕਾਮਯਾਬ ਹੋ ਸਕਦਾ ਹੈ ਜੇਕਰ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਅਤੇ ਕਿਸਾਨੀ ਦਾ ਵੱਡਾ ਹਿੱਸਾ ਉਸ ਪ੍ਰੋਗਰਾਮ ਨੂੰ ਲਾਗੂ ਕਰਨ ਵਿਚ ਯਕੀਨ ਰੱਖਦੇ ਹੋਣ ਅਤੇ ਉਸ ਨੂੰ ਲਾਗੂ ਕਰਨ ਵਿਚ ਯਤਨਸ਼ੀਲ ਹੋਣ। ਇਹ ਹਾਲਾਤ 1962 ਤੋਂ ਬਾਅਦ ਉਸ ਵਕਤ ਆਏ ਸਨ  ਜਦੋਂ ਦੇਸ਼ ਵਿਚ ਅਨਾਜ਼ ਦੀ ਕਾਫੀ ਘਾਟ ਸੀ।ਇਹ ਹਾਲਾਤ ਸਾਜ਼ਗਾਰ ਸਨ ਜਿਸ ਨਾਲ ਹਰੀ ਕ੍ਰਾਂਤੀ ਆਈ ਸੀ ਜਿਸ ਨਾਲ ਦੇਸ਼ ਨਾ ਕੇਵਲ ਅਨਾਜ਼ ਵਿਚ ਆਤਮ ਨਿਰਭਰ ਹੋ ਗਿਆ ਸਗੋਂ ਅਨਾਜ਼ ਵਾਧੂ ਪੈਦਾ ਕਰਨ ਵਾਲਾ ਦੇਸ਼ ਬਣ ਗਿਆ ਹੈ। ਮੌਜੂਦਾ ਦੌਰ ਵਿੱਚ ਕੇਂਦਰ ਸਰਕਾਰ ਕੋਈ ਮੱਦਦ ਪੰਜਾਬ ਸਰਕਾਰ ਜਾਂ ਪੰਜਾਬ ਦੀ ਕਿਸਾਨੀ ਦੀ ਕਰਨ ਲਈ ਤਿਆਰ ਨਹੀਂ ਹੈ। ਇਸ ਦੌਰ ਵਿਚ 1960ਵਿਆਂ ਵਾਲੀ ਸਹਿਮਤੀ ਬਨਾਉਣਾ ਔਖਾ ਹੀ ਨਹੀ ਅਸੰਭਵ ਨਜ਼ਰ ਆਉਂਦਾ ਹੈ। ਵੈਸੇ ਵੀ ਕੇਂਦਰ ਸਰਕਾਰ ਵੱਲੋਂ ਖੇਤੀ ਵੱਲੋਂ ਹੱਥ ਪਿੱਛੇ ਖਿੱਚ ਲਏ ਹਨ। ਇਹ ਦੇਸ਼ ਵਿਚ ਉਦਯੋਗਿਕ ਅਤੇ ਵਪਾਰਕ ਕਾਰਪੋਰੇਟ ਸੈਕਟਰ ਨੂੰ ਉਤਸ਼ਾਹਿਤ ਕਰਨਾ ਚਾਹੁੰਦੀ ਹੈ। ਮੌਜੂਦਾ ਨਵ ਲਿਬਰਲ ਪਾਲਿਸੀ ਨੂੰ ਪ੍ਰਣਾਈ ਕੇਂਦਰ ਸਰਕਾਰ ਇੱਕਲੇ ਪੰਜਾਬ ਵਾਸਤੇ ਕੋਈ ਸਪੈਸ਼ਲ ਨੀਤੀ ਅਖਤਿਆਰ ਨਹੀਂ ਕਰੇਗੀ। ਦੇਸ਼ ਵਿਚ ਬਹੁਤ ਤਕੜੀ ਕਿਸਾਨ ਲਹਿਰ ਅਜੇ ਤਕ ਸਿਰਜੀ ਨਹੀਂ ਜਾ ਸਕੀ ਜੋ ਇਸ ਦੀ ਪਾਲਿਸੀ ਦਾ ਰਸਤਾ ਬਦਲ ਕੇ ਉਸ ਨੂੰ ਕਿਸਾਨ ਪੱਖੀ ਕਰ ਸਕੇ। ਇਸ ਸਮੇਂ ਕੇਂਦਰੀ ਸਰਕਾਰ ਦੀਆਂ ਨੀਤੀਆਂ ਬਨਾਉਣ ਅਤੇ ਲਾਗੂ ਕਰਨ ਵਿਚ ਕਾਰਪੋਰੇਟ ਘਰਾਣੇ ਹਾਵੀ ਹਨ। ਇਸ ਕਰਕੇ ਪੰਜਾਬ ਅਤੇ ਕਿਸਾਨਾਂ ਦੀਆਂ ਸਮੱਸਿਆਵਾਂ ਦਾ ਹੱਲ ਪੰਜਾਬ ਸਰਕਾਰ ਅਤੇ ਪੰਜਾਬ ਦੇ ਲੋਕਾਂ ਖਾਸ ਕਰਕੇ ਕਿਸਾਨੀ ਨੂੰ ਮਿਲ ਕੇ ਲੱਭਣੇ ਪੈਣਗੇ।



ਪੰਜਾਬ ਸਰਕਾਰ ਦੇ ਪੱਧਰ ’ਤੇ ਖੇਤੀ ਵਿਭਿੰਨਤਾ ਬਾਰੇ ਸੁਝਾਈਆਂ ਫਸਲਾਂ ਦੇ ਮੰਡੀਕਰਣ ਦਾ ਇੰਤਜ਼ਾਮ ਕਰਨ ਵਾਸਤੇ ਠੋਸ ਕਦਮ ਚੁੱਕਣੇ ਪੈਣਗੇ। ਇਸ ਕਾਰਜ ਨੂੰ ਕਾਮਯਾਬੀ ਨਾਲ ਸਿਰੇ ਚੜਾਉਣ ਵਾਸਤੇ ਲਾਜ਼ਮੀ ਹੈ ਕਿ ਪੰਜਾਬ ਖੇਤੀ ਲਾਗਤਾਂ ਅਤੇ ਕੀਮਤਾਂ ਕਮਿਸ਼ਨ (Punjab Agricultural Costs and Prices Commission) ਕਾਇਮ ਕੀਤਾ ਜਾਵੇ। ਕਰਨਾਟਕ ਸੂਬੇ ਵਿਚ ਐਸਾ ਕਮਿਸ਼ਨ 2014 ਤੋਂ ਹੀ ਕੰਮ ਕਰ ਰਿਹਾ ਹੈ। ਇਹ ਕਮਿਸ਼ਨ ਪੰਜਾਬ ਵਿਚ ਪੈਦਾ ਕੀਤੀਆ ਜਾਂਦੀਆਂ ਖੇਤੀ ਜਿਨਸਾਂ ਕਣਕ, ਝੋਨੇ ਨੂੰ ਛੱਡ ਕੇ ਬਾਕੀ ਦੀਆਂ ਫਸਲਾਂ ਦੀਆਂ ਲਾਗਤਾਂ ਦਾ ਲਗਾਤਾਰ ਅਧਿਅਨ ਕਰਦਾ ਰਹੇਗਾ ਅਤੇ ਹਰ ਛਿਮਾਹੀ ਹਾੜੀ ਅਤੇ ਸਾਉਣੀ ਦੀਆਂ ਫਸਲਾਂ ਦਾ ਉਨ੍ਹਾਂ ਦੀ ਬਿਜਾਈ ਤੋਂ ਪਹਿਲਾਂ ਕੀਮਤਾਂ ਦਾ ਐਲਾਨ ਪੰਜਾਬ ਸਰਕਾਰ ਨਾਲ ਸਲਾਹ ਤੋਂ ਬਾਅਦ ਕਰਦਾ ਰਹੇਗਾ। ਕੀਮਤਾਂ ਨੂੰ ਨਿਰਧਾਰਤ ਕਰਨ ਵਕਤ ਖੇਤੀ ਦੀਆਂ ਲਾਗਤਾਂ ਸਮੇਤ 50× ਕਿਸਾਨ ਮੁਨਾਫਾ, ਅੰਤਰਾਸ਼ਟਰੀ ਕੀਮਤਾਂ ਅਤੇ ਦੇਸ਼ ਵਿਚ ਕੀਮਤਾਂ ਨੂੰ ਧਿਆਨ ਵਿਚ ਰੱਖਿਆ ਜਾਵੇਗਾ। ਇਸ ਕਮਿਸ਼ਨ ਦਾ ਚੈਅਰਪਰਸਨ ਖੇਤੀ ਅਰਥ ਵਿਗਿਆਨੀ ਹੋਵੇਗਾ ਅਤੇ ਇਸ ਦੇ ਮੈਂਬਰਾਂ ਵਿਚ ਕਿਸਾਨਾਂ, ਸਮਾਜਿਕ ਵਿਗਿਆਨੀਆਂ ਅਤੇ ਨਾਮੀ ਸਮਾਜਿਕ ਕਾਰਜ ਕਰਤਾਵਾਂ ਦੀ ਨੁਮਾਇੰਦਗੀ ਹੋਵੇਗੀ। ਇਸ ਕਮਿਸ਼ਨ ਦਾ ਕਾਰਜ਼ਕਾਲ ਪੰਜ ਸਾਲ ਲਈ ਹੋਵੇਗਾ। ਇਹ ਕਮਿਸ਼ਨ ਕਣਕ, ਝੋਨੇ ਨੂੰ ਛੱਡ ਕੇ ਬਾਕੀ



ਸਾਰੀਆਂ ਫਸਲਾਂ ਅਤੇ ਸਹਾਇਕ ਉਪਜਾਂ ਦੇ ਭਾਅ ਕੀਮਤਾਂ ਮਿੱਥਣ ਦਾ ਕੰਮ ਕਰੇਗਾ। ਕੀਮਤਾਂ ਤਹਿ ਕਰਨ ਸਮੇਂ ਜ਼ੈਵਿਕ ਅਤੇ ਸਾਧਾਰਣ ਰਸਾਇਣਕ ਜਿਨਸਾਂ ਦੀਆਂ ਕੀਮਤਾਂ ਵਿਚ ਫਰਕ ਰੱਖਿਆ ਜਾ ਸਕਦਾ ਹੈ। ਜ਼ੈਵਿਕ ਖੇਤੀ ਵਸਤਾਂ ਦੀ ਪ੍ਰਮਾਣਿਕਤਾ ਵਾਸਤੇ ਬਲਾਕ ਪੱਧਰ ਤੇ ਅਤੇ ਇਸ ਤੋਂ ਵੀ ਹੇਠਾਂ ਟੈਸਟ ਲੈਬਾਰਟਰੀਆਂ ਕਾਇਮ ਕੀਤੀਆਂ ਜਾ ਸਕਦੀਆਂ ਹਨ। ਇਸ ਕਮਿਸ਼ਨ ਨੂੰ ਇਕ ਖੁਦਮੁਖਤਿਆਰ ਸੰਸਥਾ ਦੇ ਤੌਰ ’ਤੇ ਕੰਮ ਕਰਨ ਦਾ ਅਧਿਕਾਰ ਦਿਤਾ ਜਾਣਾ ਚਾਹੀਦਾ ਹੈ। ਨਵੀਆਂ ਸੁਝਾਈਆਂ ਫਸਲਾਂ ਜਿਨਸਾਂ ਦੀ ਖਰੀਦ ਦਾ ਕੰਮ ਸਰਕਾਰੀ ਸਹਿਕਾਰੀ ਕਾਰਪੋਰੇਸ਼ਨਾਂ ਸੰਸਥਾਵਾਂ ਕਰ

ਸਕਦੀਆਂ ਹਨ। ਮਿਸਾਲ ਦੇ ਲਈ ਪਨਸਪ ਦਾਲਾਂ ਦੀ ਖਰੀਦ ਕਰ ਸਕਦੀ ਹੈ ਅਤੇ ਦਾਲਾਂ ਨੂੰ ਦਾਲ-ਆਟਾ ਸਕੀਮ ਅਧੀਨ ਲੋਕਾਂ ਲਾਭਪਾਤਰੀਆਂ ਵਿਚ ਵੰਡਿਆ ਜਾ ਸਕਦਾ ਹੈ। ਜੇ ਦਾਲਾਂ ਦੀ ਖਰੀਦ ਦਾਲ-ਆਟਾ ਸਕੀਮ ਦੀ ਜ਼ਰੂਰਤ ਤੋਂ ਵੱਧ ਹੋ ਜਾਵੇ ਤਾਂ ਇਸ ਨੂੰ ਪੰਜਾਬ ਵਿਚ ਜਾਂ ਇਸ ਤੋਂ ਬਾਹਰ ਵੇਚਿਆ ਜਾ ਸਕਦਾ ਹੈ। ਸਬਜ਼ੀਆਂ ਅਤੇ ਫਲਾਂ ਵਾਸਤੇ ਕਿਸਾਨਾਂ ਦੇ ਕੋਅਪ੍ਰੇਟਿਵ ਕੋਲਡ ਸਟੋਰ ਅਤੇ ਐਗਰੋ-ਪ੍ਰੋਸੈਸਿੰਗ ਯੂਨਿਟ ਬਣਾਏ ਜਾ ਸਕਦੇ ਹਨ। ਇਹ ਕੰਮ ਮਿਲਕਫੈਡ ਦੇ ਪੈਟਰਨ 'ਤੇ ਚਲਾਇਆ ਜਾ ਸਕਦਾ ਹੈ। ਵੱਖ ਵੱਖ ਕਿਸਮ ਦੀਆਂ ਪ੍ਰੋਸੈਸਡ ਖੇਤੀ ਵਸਤਾਂ ਵਾਸਤੇ ਪੰਜਾਬ ਆਧਾਰਤ ਮਿਲਕਫੇਡ ਦੀ ਤਰਜ਼ ਤੇ ਬਰੈਂਡ ਨਾਮ ਸਥਾਪਿਤ ਕਰਨੇ ਪੈਣਗੇ। ਇਸ ਕਾਰਜ਼ ਵਿਚ ਪੰਜਾਬ ਮਾਰਕਫੈਡ ਕਾਫੀ ਨਿੱਗਰ ਰੋਲ ਅਦਾ ਕਰ ਸਕਦਾ ਹੈ। ਸਰਕਾਰੀ ਕੋਅਪ੍ਰੇਟਿਵ ਅਦਾਰਿਆਂ ਦੇ ਨਾਲ ਛੋਟੇ, ਮੀਡੀਅਮ ਅਤੇ ਵੱਡੇ ਪ੍ਰਾਈਵੇਟ ਅਦਾਰਿਆਂ ਨੂੰ ਐਗਰੋਪ੍ਰੋਸੈਸਿੰਗ ਵਾਸਤੇ ਉਤਸ਼ਾਹਿਤ ਕੀਤਾ ਜਾ ਸਕਦਾ ਹੈ। ਇਹ ਯਕੀਨੀ ਬਣਾਇਆ ਜਾ ਸਕਦਾ ਹੈ ਕਿ



ਪ੍ਰਾਈਵੇਟ ਅਦਾਰਿਆਂ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਅਤੇ ਕਰਮਚਾਰੀਆਂ ਨੂੰ ਸਰਕਾਰ ਵਲੋਂ ਪ੍ਰਵਾਨਿਤ ਮਜ਼ਦੂਰੀ ਅਤੇ ਤਨਖਾਹ ਮਿਲੇ। ਇਹ ਵੀ ਯਕੀਨੀ ਬਣਾਇਆ ਜਾ ਸਕਦਾ ਹੈ ਕਿ ਗਵਾਂਢੀ ਸੂਬੇ ਹਿਮਾਚਲ ਪ੍ਰਦੇਸ਼ ਦੀ ਤਰ੍ਹਾਂ ਸਨਅਤੀ ਅਤੇ ਐਗਰੋ ਪ੍ਰੋਸੈਸਿੰਗ ਇਕਾਈਆਂ ਵਿਚ 75× ਰੁਜ਼ਗਾਰ ਪੰਜਾਬ ਮੂਲ ਦੇ ਨੌਜਵਾਨਾਂ ਅਤੇ ਖਾਸ ਕਰਕੇ ਖੇਤੀ ਵਿਚੋਂ ਬਾਹਰ ਜਾਣ ਵਾਲੇ ਗਰੀਬ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਵਾਸਤੇ ਰਿਜਰਵ ਕੀਤੇ ਜਾ ਸਕਦੇ ਹਨ। 1991 ਤੋਂ ਬਾਅਦ ਸਿਹਤ ਅਤੇ ਵਿੱਦਿਆ ਦੇ ਬਜਟਾਂ ਵਿੱਚ ਕੀਤੀ ਕਟੌਤੀ ਨੂੰ ਬਹਾਲ ਕਰਨਾ ਚਾਹੀਦਾ ਹੈ। ਪੇਂਡੂ ਵਿੱਦਿਆ ਅਤੇ ਸਿਹਤ ਖਾਸ ਤੌਰ ਤੇ ਸੁਧਾਰ ਦੀ ਮੰਗ ਕਰਦੇ ਹਨ ਤਾਂ ਕਿ ਪੇਂਡੂ ਨੌਜਵਾਨਾਂ ਨੂੰ ਯੋਗ ਵਿਦਿਆ ਦੇ ਕੇ ਸੂਝਵਾਨ ਬਣਾਇਆ ਜਾਵੇ ਅਤੇ ਉਨ੍ਹਾ ਦੀ ਸਿਹਤ ਵੀ ਤੰਦਰੁਸਤ ਬਣਾਈ ਜਾਵੇ। ਇਸ ਮਨੁਖੀ ਸਰੋਤ ਵਿਚ ਹੀ ਪੰਜਾਬ ਦੇ ਪਿੰਡਾਂ, ਖੇਤੀ ਅਤੇ ਭਵਿਖ ਦੇ ਵਿਕਾਸ ਦੀ ਆਸ ਹੈ।

ਅਜੋਕੇ ਸਮੇਂ ਵਿੱਚ ਨਵੀਆਂ ਸੁਝਾਈਆਂ ਫਸਲਾਂ ਪੈਦਾ ਕਰਨਾ ਜੋਖਮ ਵਾਲਾ ਕੰਮ ਹੈ। ਸੀਮਾਂਤ, ਛੋਟੇ ਅਤੇ ਮੱਧਲੇ ਕਿਸਾਨ ਇਹ ਜੋਖਮ ਨਹੀਂ ਉਠਾ ਸਕਦੇ ਇਸ ਕਰਕੇ ਉਹ ਕਣਕ ਝੋਨੇ ਜਿਹੀਆਂ ਸਥਾਪਤ ਜੋਖਮ ਮੁਕਤ ਫਸਲਾਂ ਬੀਜਣ ਵਾਸਤੇ ਮਜ਼ਬੂਰ ਹਨ। ਮੰਡੀਕਰਣ ਦੇ ਜੋਖਮ ਹੀ ਪੰਜਾਬ ਦੀ ਖੇਤੀ ਵਿਭਿੰਨਤਾ ਦੇ ਰਾਹ ਵਿਚ ਵੱਡੀ ਸਮੱਸਿਆ ਬਣੇ ਹੋਏ ਹੈ। ਇਸ ਦੇ ਹੱਲ ਵਾਸਤੇ ਸੰਸਥਾਨਿਕ (Institutional) ਤਬਦੀਲੀਆਂ ਦੀ ਸਖਤ ਲੋੜ ਹੈ। ਇਕ ਤਬਦੀਲੀ ਮੌਜੂਦਾ ਮੁਜ਼ਾਰਾ ਕਾਨੂੰਨਾਂ ਵਿਚ ਚਾਹੀਦੀ ਹੈ। ਅੱਜ ਕੱਲ੍ਹ ਜਮੀਨ ਦੇ ਬਹੁਤ ਛੋਟੇ ਮਾਲਕ ਆਪਣੀ ਜ਼ਮੀਨ ਉਨ੍ਹਾਂ ਮੱਧ ਵਰਗੀ ਜਾਂ ਵੱਡੇ ਮਾਲਕਾਂ ਨੂੰ ਠੇਕੇ ਤੇ ਦਿੰਦੇ ਹਨ ਜਿਨ੍ਹਾਂ ਦੇ ਪਾਸ ਖੇਤੀ ਉਤਪਾਦਨ ਦੇ ਸਾਧਨ ਖੇਤੀ ਮਸ਼ੀਨਾਂ ਹਨ । ਇਸ ਗੱਲ ਦਾ ਪ੍ਰਮਾਣ ਸਾਨੂੰ ਮਾਲਕੀਅਤ ਜੋਤਾਂ ਅਤੇ ਵਾਹਕ ਜੋਤਾਂ ਦੀ ਗਿਣਤੀ ਦੇ ਫਰਕ ਤੋਂ ਪਤਾ ਚਲਦਾ ਹੈ। ਨੈਸ਼ਨਲ ਸੈਂਪਲ ਸਰਵੇ ਦੇ 70ਵੇਂ ਗੇੜ੍ਹ ਅਨੁਸਾਰ ਪੰਜਾਬ ਵਿਚ 2012-13 ਵਿਚ ਮਾਲਕੀ ਜੋਤਾਂ ਦੀ ਗਿਣਤੀ 27 ਲੱਖ ਦੇ ਕਰੀਬ ਸੀ ਜਦੋਂ ਕਿ ਵਾਹਕ ਜੋਤਾਂ ਦੀ ਗਿਣਤੀ 9.30 ਲੱਖ ਸੀ। ਬਹੁਤ ਛੋਟੀਆਂ ਜੋਤਾਂ ਦੇ ਮਾਲਕ ਆਪਣੀ ਜ਼ਮੀਨ ਇਕ ਸਾਲ ਲਈ ਜੁਬਾਨੀ ਠੇਕੇ 'ਤੇ ਦਿੰਦੇ ਹਨ। ਇਨ੍ਹਾਂ ਮਾਲਕਾਂ ਦੀ ਜ਼ਮੀਨ ਦੀ ਮਾਲਕੀ ਨੂੰ ਸੁਰੱਖਿਅਤ ਬਨਾਉਣ ਲਈ ਨਵੇਂ




ਕਾਨੂੰਨ ਬਨਾਉਣ ਦੀ ਲੋੜ ਹੈ ਤਾਂ ਕਿ ਉਹ ਬਿਨਾਂ ਝਿੱਜਕ ਜ਼ਮੀਨ ਨੂੰ ਥੋੜੇ ਲੰਮੇਂ ਸਮੇਂ ਵਾਸਤੇ ਠੇਕੇ ਤੇ ਦੇ ਸਕਣ ਅਤੇ ਉਨ੍ਹਾਂ ਦੀ ਜ਼ਮੀਨ ਖੁੱਸਣ ਦਾ ਡਰ ਵੀ ਨਾ ਰਹੇ। ਇਸ ਜ਼ਮੀਨ ਉੱਪਰ ਪੂੰਜੀ ਨਿਵੇਸ਼ ਹੋਵੇ ਅਤੇ ਖੇਤੀ ਵਿਚ ਲੱਗੇ ਕਿਸਾਨਾਂ ਦੀਆਂ ਵਾਹਕ ਜੋਤਾਂ ਨਿਰੰਤਰ ਕਾਇਮ ਰਹਿਣ। ਸੀਮਾਂਤ, ਛੋਟੇ ਅਤੇ ਮੱਧਲੇ ਕਿਸਾਨਾਂ ਨੂੰ ਨਵੇਂ ਸੁਝਾਏ ਖੇਤੀ ਵਿਭਿੰਨਤਾ ਪ੍ਰੋਗਰਾਮ ਵੱਲ ਪ੍ਰੇਰਣ ਵਾਸਤੇ ਜਰੂਰੀ ਹੈ ਕਿ ਉਨ੍ਹਾਂ ਨੂੰ ਰਲ ਮਿਲ ਕੇ ਸਾਂਝੀ ਖੇਤੀ ਵਲ ਮੋੜਿਆ ਜਾਵੇ।

ਮੌਜੂਦਾ ਸਮੇਂ ਵਿੱਚ ਸਾਂਝੀ ਖੇਤੀ ਦੇ ਦੋ ਮਾਡਲ ਦੇਸ਼ ਵਿਚ ਗੱਲਬਾਤ ਦਾ ਵਿਸ਼ਾ ਹਨ। ਇਕ ਮਾਡਲ ਕਾਫੀ ਪੁਰਾਣਾ ਹੈ ਅਤੇ ਕਈ ਦੇਸ਼ਾਂ ਅਤੇ ਭਾਰਤ ਦੇ ਕਈ ਇਲਾਕਿਆਂ ਵਿੱਚ ਕਾਮਯਾਬੀ ਹਾਸਲ ਕਰ ਚੁਕਾ ਹੈ। ਇਹ ਮਾਡਲ ਸਹਿਕਾਰੀ ਆਰਥਿਕ ਗਤੀਵਿਧੀਆਂ ਦਾ ਮਾਡਲ ਹੈ। ਇਹ ਮਾਡਲ ਦੱਖਣੀ ਕੋਰੀਆ ਅਤੇ ਜਾਪਾਨ ਦੀ ਖੇਤੀ ਵਿਚ ਖੂਬ ਕਾਮਯਾਬ ਸਿੱਧ ਹੋਇਆ ਹੈ। ਭਾਰਤ ਵਿਚ ਮਹਾਂਰਾਸ਼ਟਰ ਅਤੇ ਗੁਜਰਾਤ ਦੇ ਸੂਬਿਆਂ ਵਿਚ ਕ੍ਰਮਵਾਰ ਗੰਨਾ ਉਤਪਾਦਨ ਖੰਡ ਮਿੱਲਾਂ ਅਤੇ ਦੁੱਧ ਉਤਪਾਦਨ ਪ੍ਰੋਸੈਸਿੰਗ ਵਿਚ ਇਸ ਨੂੰ ਕਾਫੀ ਸਫਲਤਾ ਹਾਸਲ ਹੋਈ ਹੈ। ਪੰਜਾਬ ਵਿੱਚ ਇਸ ਦੀ ਸਫਲਤਾ ਦੁੱਧ ਦੇ ਪ੍ਰੋਸੈਸਿੰਗ ਮਿਲਕਫੈੱਡ ਦੀ ਜ਼ਰੀਆ ਸਾਨੂੰ ਸਾਰਿਆਂ ਨੂੰ ਪਤਾ ਹੈ। 1960ਵਿਆਂ ਅਤੇ 1970ਵਿਆਂ ਵਿੱਚ ਖੇਤੀ ਕਰਜ਼ਾ ਕੋਆਪ੍ਰੇਟਿਵ ਸੋਸਾਇਟੀਆਂ, ਪੰਜਾਬ ਦੇ ਪਿੰਡਾਂ ਵਿਚ ਕਾਫੀ ਸਫਲਤਾ ਨਾਲ ਕੰਮ ਕਰ ਰਹੀਆਂ ਸਨ। ਇਸ ਸਮੇਂ ਹੁਸ਼ਿਆਰ ਜ਼ਿਲੇ ਵਿਚ ਲਾਂਬੜਾ ਕਾਗੜੀ ਮਲਟੀਪਰਪਸ ਕੋਆਪ੍ਰੇਟਿਵ ਸੁਸਾਇਟੀ ਬੜੇ ਸਫ਼ਲ ਤਰੀਕੇ ਨਾਲ ਕੰਮ ਕਰ ਰਹੀ ਹੈ। ਇਸ ਤੋਂ ਇਲਾਵਾ 1200 ਤੋਂ ਵੱਧ ਪਿੰਡਾਂ ਵਿਚ ਕੋਆਪ੍ਰੇਟਿਵ ਮਸ਼ੀਨਰੀ ਬੈਂਕ ਵੀ ਕੰਮ ਕਰ ਰਹੇ ਹਨ। ਦੂਜੇ ਕਿਸਮ ਦਾ ਸਾਂਝੀ ਖੇਤੀ ਦਾ ਮਾਡਲ ਭਾਰਤ ਦੇ ਯੋਜਨਾ ਕਮਿਸ਼ਨ ਨੇ ਬਾਰਵੀਂ ਪੰਜ ਸਾਲਾ ਯੋਜਨਾ (2012–2017) ਦੇ ਦਸਤਾਵੇਜ਼ ਵਿਚ ਪੇਸ਼ ਕਰਕੇ ਇਸ ਨੂੰ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਸੀ। ਇਸ ਮਾਡਲ ਨੂੰ ਮੌਜੂਦਾ ਕੇਂਦਰ ਸਰਕਾਰ ਖੇਤੀ ਵਿਚ ਲਾਗੂ



ਕਰਨ ਲਈ ਕਾਫੀ ਸਰਗਰਮ ਹੈ। ਇਸ ਮਾਡਲ ਨੂੰ ਉਤਸ਼ਾਹਿਤ ਕਰਨ ਵਾਸਤੇ ਨਾਬਾਰਡ (National Bankf or Agricultural and Rural Development) ਨੂੰ ਇਕ ਨੋਡਲ ਏਜੰਸੀ ਬਣਾਇਆ ਹੋਇਆ ਹੈ। ਇਸ ਮਾਡਲ ਦਾ ਨਾਮ ਫਾਰਮਰਜ ਪ੍ਰੋਡੂਸਰ ਆਰਗੇਨਾਈਜੇਸ਼ਨਜ ( Farmers Producers Organisations/ FPOs) ਰੱਖਿਆ ਗਿਆ ਹੈ। ਇਸ ਮਾਡਲ ਵਿਚ ਇਕ ਨਿਸ਼ਚਿਤ ਗਿਣਤੀ ਦੇ ਕਿਸਾਨ ਮਿਲ ਕੇ ਇਕ ਐਫ. ਪੀ. ਓ., ਕੰਪਨੀ ਐਕਟ ਤਹਿਤ ਰਜਿਸਟਰ ਕਰਵਾ ਕੇ ਖੇਤੀ ਉਤਪਾਦਨ ਕਰਕੇ ਆਪਣੀ ਪੈਦਾਵਾਰ ਦਾ

ਵਪਾਰ ਪ੍ਰੋਸੈਸਿੰਗ ਕਰ ਸਕਦੇ ਹਨ। ਇਸ ਕਾਰਜ਼ ਵਾਸਤੇ ਨਾਬਾਰਡ ਵਲੋਂ ਕੁਝ ਮਾਇਕ ਸਹਾਇਤਾ ਵੀ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਸਰਕਾਰੀ ਮੰਡੀ ਵਿਚ ਆੜ੍ਹਤ ਦਾ ਲਾਇਸੰਸ ਵੀ ਪ੍ਰਾਪਤ ਹੋ ਜਾਂਦਾ ਹੈ ਅਤੇ ਕੰਮ ਕਰਨ ਲਈ ਟ੍ਰੇਨਿੰਗ ਦੀ ਸਹੂਲਤ ਵੀ ਮਿਲ ਜਾਂਦੀ ਹੈ। ਸਰਕਾਰੀ ਬੈਂਕਾ ਤੋਂ ਸਸਤੀਆਂ ਵਿਆਜ਼ ਦਰਾਂ ਤੇ ਕਰਜ਼ੇ ਦੀ ਸਹੂਲੀਅਤ ਵੀ ਮਿਲ ਜਾਂਦੀ ਹੈ। ਇਸ ਕਿਸਮ ਦੀਆਂ ਐਫ. ਪੀ. ਓ. ਨੂੰ ਮੱਧ ਪ੍ਰਦੇਸ਼ ਦੇ ਸੂਬੇ ਵਿਚ ਚੰਗਾ ਹੁੰਗਾਰਾ ਮਿਲਿਆ ਹੋਇਆ ਹੈ। ਪੰਜਾਬ ਅਤੇ ਹਰਿਆਣਾ ਦੇ ਸੂਬਿਆਂ ਵਿਚ ਕੁਝ ਕੁ ਗਿਣਤੀ ਦੀਆਂ ਐਫ. ਪੀ. ਓ. ਹੀ ਕੰਮ ਕਰ ਰਹੀਆਂ ਹਨ।


ਸਾਂਝੀ ਖੇਤੀ ਦੇ ਨਾਲ ਕਿਸਾਨੀ ਦੇ ਵੱਡੇ ਹਿੱਸੇ ਨੂੰ ਕਣਕ, ਝੋਨੇ ਤੋ ਇਲਾਵਾ ਖੇਤੀ ਵਿਭਿੰਨਤਾ ਦੇ ਪ੍ਰੋਗਰਾਮ ਵਿਚ ਸ਼ਾਮਲ ਕੀਤਾ ਜਾ ਸਕਦਾ ਹੈ। ਇਸ ਨਾਲ ਸਾਂਝੇ ਤੌਰ ਤੇ ਮੰਡੀਕਰਣ ਦੇ ਜੋਖਮ ਨੂੰ ਘਟਾਇਆ ਜਾ ਸਕਦਾ ਹੈ ਅਤੇ ਸਰਕਾਰੀ ਸਹਿਕਾਰੀ ਮਦਦ ਨਾਲ ਇਸ ਨੂੰ ਕੁਝ ਹੱਦ ਤਕ ਸਹਿਣ ਵੀ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਪੰਜਾਬ ਦੀ ਧਰਤੀ ਦਾ ਪਾਣੀ ਬਚਾਇਆ ਜਾ ਸਕਦਾ ਹੈ, ਨੌਜਵਾਨਾਂ ਵਾਸਤੇ ਰੁਜਗਾਰ ਦੇ ਮੌਕੇ ਪੈਦਾ ਕੀਤੇ ਜਾ ਸਕਦੇ ਹਨ। ਪਰਾਲੀ, ਹੋਰ ਫਸਲਾਂ ਦੀ ਰਹਿੰਦ ਖੂੰਦ ਅਤੇ ਸ਼ਹਿਰੀ ਕੂੜੇ ਅਤੇ ਸੀਵਰੇਜ ਤੋਂ ਬਾਇਓਗੈਸ ਅਤੇ ਬਾਇਓਖਾਦ ਬਣਾਕੇ ਸਾਫ ਊਰਜ਼ਾ ਪੈਦਾ ਕਰਨ ਦੇ ਨਾਲ-ਨਾਲ ਹਵਾ ਨੂੰ ਸਾਫ ਰੱਖਿਆ ਜਾ ਸਕਦਾ ਹੈ। ਕਿਸਾਨਾਂ ਦੀਆਂ ਫਸਲਾਂ ਦੀ ਰਹਿੰਦ ਖੂੰਦ ਨੂੰ ਨਾ ਸਾੜ ਕੇ ਉਸ ਵਾਸਤੇ ਬਾਇਓ ਗੈਸ ਦੇ ਪਲਾਂਟਾਂ ਵਿਚ ਇਸ ਦੀ ਮਾਰਕੀਟ ਪੈਦਾ ਕੀਤੀ ਜਾ ਸਕਦੀ ਹੈ। ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਆਤਮ ਹੱਤਿਆਵਾਂ ਨੂੰ ਰੋਕਿਆ ਜਾ ਸਕਦਾ ਹੈ। ਭੂਮੀਹੀਣ ਕਿਸਾਨਾਂ ਨੂੰ ਇਸ ਮਾਡਲ ਵਿਚ ਵਿਕਾਸ ਦੇ ਹਿੱਸੇਦਾਰ ਬਣਾਇਆ ਜਾ ਸਕਦਾ ਹੈ। ਸਾਂਝੀ ਖੇਤੀ ਨੂੰ ਅਪਨਾਉਣਾ ਜਾਂ ਨਹੀਂ ਜਾਂ ਕਿਹੜਾ ਮਾਡਲ ਲਾਗੂ ਕਰਨਾ ਹੈ ਇਸ ਦਾ ਫੈਸਲਾ ਤਾਂ ਕਿਸਾਨ ਲਹਿਰ ਵਿਚ ਸਰਗਰਮ ਕਿਸਾਨ ਜਥੇਬੰਦੀਆਂ ਨੇ ਹੀ ਕਰਨਾ ਹੈ। ਇਵੇਂ ਹੀ ਸਰਕਾਰੀ ਨੀਤੀਆਂ ਨੂੰ ਮੋੜਾ ਦੇਣਾ ਸਰਕਾਰ ਦਾ ਹੀ ਕੰਮ ਹੈ। ਸਰਕਾਰੀ ਨੀਤੀਆਂ ਨੂੰ ਮੋੜਾ ਦੇਣ ਵਾਸਤੇ ਜਰੂਰੀ ਹੈ ਸੂਬੇ ਦੀ ਸਰਕਾਰ ਦੇ ਵਿੱਤੀ ਸਾਧਨਾ ਨੂੰ ਠੀਕ ਕੀਤਾ ਜਾਵੇ। ਇਸ ਦੇ ਨਾਲ ਹੀ ਇਸਦੇ ਅਧਿਕਾਰਾਂ ਨੂੰ ਕੇਂਦਰ ਸਰਕਾਰ ਵੱਲੋਂ ਖੋਹਣ ਤੋਂ ਬਚਾਇਆ ਜਾਵੇ। ਇਸ ਸਮੇਂ ਕਿਸਾਨ ਲਹਿਰ ਅਤੇ ਪੰਜਾਬ ਸਰਕਾਰ ਇਕ ਹੀ ਰੌਂਅ ਵਿਚ ਨਜ਼ਰ ਆ ਰਹੇ ਹਨ। ਇਸ ਕਰਕੇ ਇਹ ਸੁਝਾਅ ਦਿੱਤੇ ਗਏ ਹਨ ਤਾਂ ਕਿ ਇਨ੍ਹਾਂ ਉੱਪਰ ਵਿਚਾਰ ਚਰਚਾ ਕੀਤੀ ਜਾਵੇ ਅਤੇ ਪੰਜਾਬ ਦੀ ਖੇਤੀ ਅਤੇ ਵਾਤਾਵਰਣ ਨੂੰ ਬਚਾਉਣ ਲਈ ਕੁਝ ਠੋਸ ਕਦਮ ਚੁੱਕੇ ਜਾ ਸਕਣ।

**ਡਾ. ਸੁੱਚਾ ਸਿੰਘ ਗਿੱਲ**
**ਕਰਿਡ, ਚੰਡੀਗੜ੍ਹ**

# ਕੈਨੇਡੀਅਨ ਕਵੀ

## ਨਜ਼ਮ

ਨਵਤੇਜ ਭਾਰਤੀ



## ਪੰਜ ਕਵਿਤਾਵਾਂ

**1**

ਮੈਂ ਜਿੱਥੇ ਵੀ ਹਾਂ
ਦਿੱਲੀ ਦੀਆਂ ਬਰੂਹਾਂ
ਤੇ ਹਾਂ।

**2**

ਸੁਪਨਾ ਨਹੀਂ ਸੀ
ਰਾਤੀਂ ਮੈਂ ਲੱਖਾਂ ਲੋਕਾਂ
ਦੇ ਮੋਢੇ ਨਾਲ ਮੋਢਾ ਜੋੜ ਕੇ
ਤੁਰ ਰਿਹਾ ਸੀ

ਅੱਖ ਖੁੱਲ੍ਹੀ ਤਾਂ ਪਤਾ ਲੱਗਾ
ਇਹ ਸੁਪਨਾ ਨਹੀਂ ਸੀ
ਮੇਰੇ ਪੈਰਾਂ ਨੂੰ ਮਿੱਟੀ
ਲੱਗੀ ਹੋਈ ਸੀ।

**3**

ਕਣਕ ਜਿਹੜੀ ਅਸੀਂ
ਅੱਜ ਬੀਜੀ ਹੈ
ਅੱਧੇ ਵਰ੍ਹੇ ਨੂੰ ਖਾਵਾਂਗੇ
ਇਹਦੀ ਰੋਟੀ

ਖੇਤਾਂ ਦੀ ਮਿੱਟੀ ਜਾਣਦੀ ਹੈ
ਸਾਡਾ ਸਬਰ ਕਿੰਨਾ ਲੰਬਾ ਹੈ।

**4**

ਜੇ ਤੁਸੀਂ ਕਦੇ ਮਿੱਟੀ
ਸੁੰਘ ਕੇ ਵੇਖੀ ਹੁੰਦੀ
ਸਾਡੇ ਨਾਲ ਇਉਂ ਨਾ ਕਰਦੇ।

**5**

ਓਸੇ ਮਿੱਟੀ ਦੇ ਬਣੇ ਹਾਂ

ਅਸੀਂ ਥੱਕਦੇ ਨਹੀ ਜਿਉਣ ਤੋਂ
ਓਸੇ ਮਿੱਟੀ ਦੇ ਬਣੇ ਹਾਂ
ਜਿਹੜੀ ਉਗਣਾ ਹੀ ਜਾਣਦੀ।

ਨਵਤੇਜ ਭਾਰਤੀ
ਲੰਡਨ, ਕੈਨੇਡਾ

## ਨਜ਼ਮ

## ਮੋਹਨ ਗਿੱਲ



### “ਜਾਗੋ”

ਜਾਗ ਮੋਦੀਆ ਜਾਗ ਬਈ ਹੁਣ ਜਾਗੋ ਆਈ ਆ
ਜਾਗ ਦਿੱਲੀਏ ਜਾਗ ਬਈ ਹੁਣ ਜਾਗੋ ਆਈ ਆ
ਅਪਣੇ ਨਾਲ ਉਹ ਸੱਚ ਤੇ ਸਿਦਕ ਦਾ,
ਪਰਚਮ ਲੈ ਕੇ ਆਈ ਆ
ਬਈ ਹੁਣ ਜਾਗੋ ਆਈ ਆ

ਕਾਲੇ ਇਹ ਕਾਨੂੰਨ ਨਾ ਰਹਿਣੇ,
ਤੈਨੂੰ ਵਾਪਸ ਲੈਣੇ ਪੈਣੇ।
ਕਾਲੇ ਰੰਗ ਦਾ ਗੋਰਾ ਬਣਕੇ,
ਕੀ ਤੂੰ ਖੇਡ ਰਚਾਈ ਆ।
ਬਈ ਹੁਣ ਜਾਗੋ ਆਈ ਆ

ਮਾੜਿਆਂ ਨੂੰ ਤੂੰ ਦੂਰੋਂ ਘੂਰੇਂ,
ਤਕੜੇ ਦੀ ਨਾਨਕ ਛੱਕ ਪੂਰੇਂ,
ਅੰਬਾਨੀ ਦੇ ਦਰ ਦਾ ਕੁੱਤਾ,
ਬਣ ਕੇ ਬਊ ਬਊ ਲਾਈ ਆ।
ਬਈ ਹੁਣ ਜਾਗੋ ਆਈ ਆ
ਇਹ ਕਿਸਾਨ ਜੋ ਠੰਢ ਵਿੱਚ ਬੈਠੇ,
ਕਈ ਸਾਲਾਂ ਲਈ ਡੱਟ ਗਏ ਏਥੇ,
ਇਹ ਤਾਂ ਗੱਲ ਦੇ ਸੱਪ ਬਣ ਜਾਣੇ,
ਤੂੰ ਜਨਤਾ ਬੜੀ ਸਤਾਈ ਆ।
ਬਈ ਜਾਗੋ ਆਈ ਆ

ਤੇਰੇ ਕੋਲੋਂ ਕਿਸਾਨ ਕੀ ਮੰਗਦਾ,
ਹੱਕ ਦੀ ਮਿਹਨਤ ਦਾ ਮੁੱਲ ਮੰਗਦਾ,
ਇਸ ਤੋਂ ਵੀ ਤੂੰ ਟਾਲੇ ਲਾਵੇਂ
ਅੰਦਰ ਤੇਰੇ ਚਤੁਰਾਈ ਆ।
ਬਈ ਹੁਣ ਜਾਗੋ ਆਈ ਆ

ਪਹਿਲਾਂ ਕੁੱਲ ਪੰਜਾਬ ਸੀ ਆਇਆ,
ਪਿੱਛੇ ਹਿੰਦੋਸਤਾਨ ਹੈ ਆਇਆ,
ਡੇਹਲੋਂ ਵਾਲੇ ਮੋਹਨ ਨੇ ਵੀ
ਤੇਰੇ ਦਰ ਆ ਡਾਂਗ ਖੜਕਾਈ ਆ।
ਬਈ ਹੁਣ ਜਾਗੋ ਆਈ ਆ

ਜਾਗ ਮੋਦੀਆ ਜਾਗ ਬਈ ਹੁਣ ਜਾਗੋ ਆਈ ਆ
ਜਾਗ ਦਿੱਲੀਏ ਜਾਗ ਬਈ ਹੁਣ ਜਾਗੋ ਆਈ ਆ
ਅਪਣੇ ਨਾਲ ਉਹ ਸੱਚ ਤੇ ਸਿਦਕ ਦਾ,
ਪਰਚਮ ਲੈ ਕੇ ਆਈ ਆ
ਬਈ ਹੁਣ ਜਾਗੋ ਆਈ ਆ

**ਮੋਹਨ ਗਿੱਲ**
**ਸਰੀ, ਕੈਨੇਡਾ**
**+17789080914**
**mohandelhon@hotmail.com**

ਨਜ਼ਮ

## ਵਰਿਆਮ ਸਿੰਘ ਸੰਧੂ



## ਬਾਬਾ ਤੇਰੇ ਪੁੱਤ ਤੁਰੇ ਨੇ

ਬਾਬਾ
ਤੇਰੇ ਪੁੱਤ ਤੁਰੇ ਨੇ
ਲੰਮੀ ਵਾਟ ਉਦਾਸੀ ਵਾਲੀ।

ਸਭ ਬਾਲੇ, ਮਰਦਾਨੇ, ਲਾਲੋ ਕੱਠੇ ਹੋ
ਕੇ,
ਸੱਭੇ ਤੇਰੇ ਧੀਆਂ ਪੁੱਤਰ
ਭਰ ਮਿੱਟੀ ਦੀਆਂ ਮੁੱਠਾਂ
ਤੇਰੇ ਖ਼ੇਤਾਂ ਵਿਚੋਂ
ਧਰ ਕੇ ਮੋਢੇ
ਤੇਰੇ ਹਲ਼ ਨੂੰ
ਜਿਸਦੇ ਫਾਲੇ ਉੱਤੇ ਬੈਠਾ
ਇਸ ਵੇਲੇ ਪੰਜਾਬ ਪਿਆਰਾ

ਸੁਣ ਤੇਰੀ ਲਲਕਾਰ
ਧਰ ਕੇ ਸੀਸ ਤਲ਼ੀ ’ਤੇ
ਪੈ ਨਿਕਲੇ ਨੇ ਗਲੀ ਯਾਰ ਦੀ
ਮਨ ਵਿਚ ਪੂਰੀ ਨਿਹਚਾ
ਅਪਨੀ ਜੀਤ ਕਰੂੰ ਦੀ

ਅੱਗੇ ਬੈਠੇ
ਰਾਜੇ ਸ਼ੀਂਹ, ਮੁਕੱਦਮ ਕੁੱਤੇ
ਕੌਡੇ ਰਾਖ਼ਸ਼ ਬੰਦੇ ਖਾਣੇ
ਭੁੱਖੇ -ਭਾਣੇ
ਲਹੂ ਪਿਆਸੇ
ਭਾਗੋ ਜਰਵਾਣੇ
ਸੱਜਣ ਠੱਗ
ਮਿੱਠ ਬੋਲੜੇ, ਮੋਮੋ-ਠੱਗਣੇ,
ਜਾਦੂਗਰ ਗੁਜਰਾਤੀ
ਫਾਹੁਣਾ ਚਾਹੁੰਦੇ ਜਾਲ ਵਿਛਾ ਕੇ

ਤੂੰ ਆਪਣੇ ਪੁੱਤਾਂ ਦੇ ਅੰਗ-ਸੰਗ
ਤੂੰ ਆਪਣੀਆਂ ਧੀਆਂ ਦਾ ਬਾਪੂ
ਸਭ ਦੇ ਸਿਰ ’ਤੇ ਹੱਥ ਤੇਰਾ ਹੈ
ਮਿਹਰਾਂ ਭਰਿਆ

ਲੈ ਕੇ ਤੇਰਾ ਨਾਂ
ਜਿੱਤ ਦਾ ਝੰਡਾ ਹੱਥੀਂ ਫੜ ਕੇ
ਲੈ ਉੱਡਣਗੇ ਜਾਲ
ਵਿੰਹਦਾ ਰਹੂ ਸ਼ਿਕਾਰੀ ਬੈਠਾ

ਬਾਬਾ
ਇਹ ਮਾਸੂਮ ਜਿਹਾ ਹੈ ਸੁਪਨਾ ਮੇਰਾ
ਤੇਰਾ ਸਿਰ ’ਤੇ ਹੱਥ ਰਿਹਾ ਤਾਂ
ਹੋ ਜੂ ਪੂਰਾ

**ਵਰਿਆਮ ਸਿੰਘ ਸੰਧੂ**
**ਕੈਨੇਡਾ**

## ਨਜ਼ਮ

### ਚਰਨ ਸਿੰਘ




## ਉਬਲਦਾ ਲਹੂ

ਅੰਬਰ ਧਰਤੀ ਸਾਗਰ
ਦੀਆਂ ਬੂੰਦਾਂ ਜ਼ਰਿਆ ਤੇ ਢਾਹੀਆਂ
ਜਿੰਨੇ ਹੱਥ
ਇਕ ਚਿਹਰਾ ਇਕ ਧੜ ਹੋ ਕੇ
ਦਿੱਲੀ ਤੇਰੇ ਦਰ ਜੁੜੇ ਹਨ
ਆਵਾਜ਼ ਜਿਨ੍ਹਾਂ ਦੀ
ਲਾਲ ਕਿਲੇ ਤੋਂ ਕੱਚੀ ਇੱਟ ਤਕ ਗੂੰਜ
ਰਹੀ ਹੈ
ਕਸ਼ਮੀਰ ਦੀਆਂ ਗਲੀਆਂ ਤੋਂ ਲੈ ਕੇ
ਕੰਨਿਆ ਕੁਮਾਰੀ ਤਕ ਦਾ ਕੂੜਾ ਹੂੰਝ
ਰਹੀ ਹੈ
ਖੇਤਾਂ ਚੋਂ ਉੱਗੇ ਸਿਰ ਫਰਿਆਦਾਂ ਕਰ
ਰਹੇ ਹਨ
ਧੜ ਸੁਰੱਕਸ਼ਾ ਮੰਗ ਰਹੇ ਹਨ
ਧੜ ਵੀ ਉਨ੍ਹਾਂ ਦਾ ਸਿਰ ਵੀ ਉਨ੍ਹਾਂ ਦਾ
ਖ਼ੂਨ ਪਸੀਨਾ ਤਨ, ਮਨ ਮਿੱਟੀ
ਧੜ 'ਚੋਂ ਉੱਗਿਆ ਅੰਨ ਵੀ ਉਨ੍ਹਾਂ ਦਾ
ਆਪਣੇ ਆਪ ਨੂੰ ਭੁੱਖਿਆਂ ਰੱਖ ਕੇ
ਪੇਟ ਵਿਲੱਖਣ ਦਾ ਭਰ ਰਹੇ ਹਨ
ਮਾਨਵਤਾ ਦਾ ਚੁੱਲ੍ਹਾ ਬਲਦਾ ਕਰ ਰਹੇ
ਹਨ
ਲਹੂ 'ਚ ਲਿੱਬੜੇ ਚਿਹਰਿਆਂ ਦਾ
ਹਜ਼ੂਮ ਹੈ ਇਹ
ਜਿਸ ਨੂੰ ਮੇਲਾ ਦੱਸ ਰਹੇ ਹਨ
ਇਹ ਤਾਂ ਧੜਾਂ ਤੋਂ ਵੱਖਰੇ ਸਿਰਾਂ ਦਾ
ਇਕੱਠ ਹੈ
ਭਵਿੱਖ ਜਿਨ੍ਹਾਂ ਦਾ ਪੁਰਜ਼ਾ ਪੁਰਜ਼ਾ
ਵਰਤਮਾਨ ਤਪਦਾ ਭੱਠ ਹੈ
ਇਹ ਸਿਰ ਧੜ ਅੰਗ ਨਕ਼ਸ਼
ਇਕੱਠੇ ਕਰਨ ਬਿਨਾਂ ਕੋਈ ਚਾਰਾ
ਨਹੀਂ
ਸਿਰ ਬਿਨ ਧੜ
ਧੜ ਬਿਨ ਸਿਰ ਅੰਗਾਂ ਨਕ਼ਸ਼ਾ ਨੂੰ
ਗਵਾਰਾ ਨਹੀਂ
ਲੋਕਾਂ ਦੀ ਆਵਾਜ਼ ਹੈ ਇਹ
ਲੋਕ ਵਿਸ਼ਵ ਦਾ ਸਾਜ਼ ਹੈ ਇਹ
ਜਿਸ ਦੀ ਸੁਰ
ਕੱਚੀਆਂ ਇੱਟਾਂ ਤੋਂ ਲਾਲ ਕਿਲੇ ਤਕ
ਗੂੰਜ ਰਹੀ ਹੈ
ਕੂੜਾ ਕਰਕਟ ਭਾਰਤ ਦਾ ਹੂੰਝ ਰਹੀ
ਹੈ

**ਚਰਨ ਸਿੰਘ**
**ਕੈਨੇਡਾ**

ਨਜ਼ਮ

## ਪ੍ਰੋ. ਜਗੀਰ ਸਿੰਘ ਕਾਹਲੋਂ



# ਅੰਨ੍ਹ-ਦਾਤੇ ਦੀ ਬਰਾਤ

ਢਾਈ ਮਹੀਨਿਆਂ ਦੀ
ਗੱਜ ਵੱਜ ਕੇ ਕੀਤੀ
ਤਿਆਰੀ ਪਿੱਛੋਂ
ਦੇਸ਼ ਦੇ ਅੰਨ-ਦਾਤੇ ਦੀ ਬਰਾਤ
ਢੁੱਕੀ ਐ ਦਿੱਲੀ ਦੇ ਬੂਹੇ ’ਤੇ

ਪੂਰੇ ਢਾਈ ਮਹੀਨੇ
ਪੈਂਦੇ ਰਹੇ ਗਿੱਧੇ ਤੇ ਭੰਗੜੇ
ਤੇ ਰੇਲਾਂ ਦੀਆਂ ਲੀਹਾਂ ’ਤੇ
ਗਾਈਆਂ ਜਾਂਦੀਆਂ ਰਹੀਆਂ ਘੋੜੀਆਂ
ਭੈਣਾਂ ਨੇ ਵਾਗਾਂ ਗੁੰਦੀਆਂ
ਭਾਬੀਆਂ ਨੇ ਸੁਰਮੇ ਪਾਏ
ਮਾਵਾਂ ਤੇ ਦਾਦੀਆਂ ਨੇ ਚਾਅ ਕੀਤੇ
ਚਾਚੀਆਂ, ਤਾਈਆਂ ਭੂਆ
ਖੂਬ ਰਲ ਕੇ ਨੱਚੀਆਂ
ਕਿਸੇ ਭੜੂਏ ਫੁੱਫੜ ਨੇ
ਰੁੱਸਣ ਦਾ ਹੀਆ ਨਹੀਂ ਕੀਤਾ
ਜਿੰਨੇ ਬਰਾਤੀ ਓਨੇ ਹੀ
ਬਰਾਤ ਤੋਰਨ ਵਾਲੇ

ਅਗਲੇ ਪਾਸੇ ਵਾਲਿਆਂ
ਬਰਾਤ ਦਾ ਸੁਆਗਤ
ਇਕੀਵੀਂ ਸਦੀ ਦੀ ਮਾਡਰਨ
ਆਤਿਸ਼ਬਾਜੀ ਨਾਲ ਕੀਤਾ
ਬਰਾਤੀਆਂ ਦੇ ਜੁੱਸੇ ਗਰਮਾਉਣ ਲਈ
ਗਤਕੇਬਾਜੀ ਵੀ ਕੀਤੀ
ਸੀਤਲ ਜਲ ਦੀਆਂ
ਤੇਜਧਾਰ ਛਬੀਲਾਂ ਵੀ ਲਗਾਈਆਂ
ਇਹ ਸੁਆਗਤ ਕਈ ਪੜਾਵਾਂ
’ਤੇ ਕੀਤਾ ਗਿਆ

ਬਰਾਤੀਆਂ ਨੇ ਇਹ ਸੁਆਗਤ
ਖਿੜੇ ਮੱਥੇ ਕਬੂਲ ਕੀਤਾ
ਬਰਾਤ ਆਪਣੀ ਚਾਲੇ ਚਲਦੀ
ਆ ਢੁੱਕੀ ਦਿੱਲੀ ਦੇ ਬੂਹੇ ’ਤੇ
ਚਹੁੰ ਦਿਸ਼ਾਵਾਂ ਤੋਂ ਆਣ ਰਲੇ
ਅਣਗਿਣਤ ਬਰਾਤੀ
ਨੜਿੰਨਵੇਂ ਦੀ ਵਿਸਾਖੀ ਤੋਂ ਪਿੱਛੋਂ
ਕੱਠੇ ਹੋਏ ਨੇ ਪੰਜੇ ਵਰਣ ਤੇ ਪੰਜੇ ਸੀਸ
ਤੇ ਸੱਭੇ ਛਕ ਰਹੇ ਨੇ
ਇਕੋ ਬਾਟੇ ਤਿਆਰ ਹੋਇਆ ਲੰਗਰ
ਨਜ਼ਰ ਦੀ ਸੀਮਾ ਤੱਕ ਗੱਡੇ ਗਏ ਨੇ
ਤੰਬੂ
ਰਾਗੀ, ਢਾਡੀ, ਕਲਾਕਾਰ ਲਾ ਰਹੇ ਨੇ
ਰੌਣਕਾਂ
ਫਿਜ਼ਾ ਵਿੱਚ ਗੂੰਜ ਰਹੀ ਐ
ਗਾਈਆਂ ਜਾਂਦੀਆਂ ਘੋੜੀਆਂ ਦੀ ਹੂਕ
ਕੁੜਮਾਂ ਦੀਆਂ ਰੋਜ਼ ਹੁੰਦੀਆਂ ਨੇ
ਮਿਲਣੀਆਂ
ਲਾੜੀ ਨੂੰ ਰੋਜ਼ ਸਜਾਇਆ ਜਾ ਰਿਹੈ
ਪਰ ਅਜੇ ਪੂਰਾ ਨਹੀਂ ਚੜ੍ਹਿਆ।


ਰਾਂਝੇ ਲਾੜੇ ਦਾ ਸਬਰ

ਅਜ਼ਮਾਇਆ ਜਾ ਰਿਹੈ
ਚੂਚਕ ਤੇ ਕੈਦੋਂ ਅੜੇ ਬੈਠੇ ਨੇ
ਦੂਰ ਦੁਰੇਡਿਓਂ ਪੰਚ ਵੀ
ਆ ਰਲੇ ਨੇ ਬਰਾਤ ਵਿਚ
ਤੇ ਚੂਚਕ ਨੂੰ ਯਾਦ ਕਰਾਉਂਦੇ ਨੇ
ਸਾਹੇ-ਚਿੱਠੀ ਵਿਚ ਲਿਖਿਆ ਮਸੌਦਾ
ਅਗਲੇ ਸਿਰੇ ਵਾਲੇ ਵੱਡੇ ਸ਼ਾਹਾਂ ਦੇ ਟੇਟੇ
ਚੜ੍ਹ ਕੇ
ਅੜੇ ਬੈਠੇ ਨੇ
ਉਨ੍ਹਾਂ ਦੇ ਪੱਲੇ ਸ਼ਾਹੀ ਜਬਰ ਹੈ
ਤੇ ਬਰਾਤ ਦੇ ਪੱਲੇ
ਆਪਣੇ ਪੁਰਖਿਆਂ ਵਾਲਾ ਸਬਰ ਹੈ

ਬਰਾਤ ਨੂੰ ਵਰ ਹੈ:
ਕਰਤਾਰਪੁਰ ਦੇ ਖੇਤਾਂ ਵਿਚ
ਖੇਤੀ ਕਰਨ ਵਾਲੇ ਕਿਸਾਨ ਬਾਬੇ ਦਾ
ਬਾਬਾ ਬੰਦਾ ਸਿੰਘ ਬਹਾਦਰ ਵਾਲੇ
ਇਨਸਾਫ਼ ਦੇ ਛਾਬੇ ਦਾ
ਲੱਧੀ ਦੇ ਦੁੱਲੇ ਦੇ ਢਾਬੇ ਦਾ
ਤੇ ਉਨ੍ਹਾਂ ਸਭਨਾਂ ਦਾ
ਜੋ ਤੱਤੀਆਂ ਤਵੀਆਂ 'ਤੇ ਬੈਠੇ
ਦੇਗਾਂ ਵਿਚ ਉਬਾਲੇ ਗਏ
ਆਰਿਆਂ ਨਾਲ ਚੀਰੇ ਗਏ
ਚਾਂਦਨੀ ਚੌਕ 'ਚ ਸ਼ਹੀਦ ਕੀਤੇ ਗਏ
ਜਿਨ੍ਹਾਂ ਚਿੜੀਆਂ ਤੋਂ ਬਾਜ ਤੁੜਵਾ
ਦਿੱਤੇ
ਉਨ੍ਹਾਂ ਦੀ 'ਪਿੱਠ 'ਤੇ' ਖੜੇ ਨੇ
'ਸੰਨ ਸਤਵੰਜਾ' ਦੇ ਗ਼ਦਰੀ
ਕੂਕਾ ਲਹਿਰ ਦੇ ਯੋਧੇ
ਪੱਗੜੀ ਸੰਭਾਲਣ ਦਾ ਸੱਦਾ ਦੇਣ ਵਾਲੇ
ਸੂਰਬੀਰ
ਗ਼ਦਰੀ ਬਾਬੇ
'ਤੇਈ ਮਾਰਚ' ਦੇ ਸ਼ਹੀਦ
ਜਲ੍ਹਿਆਂ ਵਾਲੇ ਬਾਗ ਦਾ
ਬਦਲਾ ਲੈਣ ਵਾਲਾ ਯੋਧਾ
ਪੈਪਸੂ ਮੁਜਾਹਰਾ ਲਹਿਰ ਦੇ ਆਗੂ
ਤੇ ਖੁਸ਼-ਹੈਸੀਅਤੀ ਟੈਕਸ ਮੋਰਚੇ ਦੇ
ਸੂਰੇ
ਉਨ੍ਹਾਂ ਸਭਨਾਂ ਦਾ ਸਬਰ ਤੇ ਦਲੇਰੀ
ਬਰਾਤੀਆਂ ਦੀ ਰੂਹ ਵਿਚ
ਵੱਧੇ ਪਏ ਨੇ

ਸ਼ਾਹਾਂ ਤੇ ਬਾਦਸ਼ਾਹਾਂ ਦੀਆਂ
ਸਦਾ ਹੀ ਪੈਂਦੀਆਂ ਰਹੀਆਂ ਨੇ
ਪੁੱਠੀਆਂ
ਤੇ ਧਰਤੀ ਦੇ ਜਾਏ
ਸਦਾ ਮੁਹਿੰਮਾਂ ਜਿੱਤਦੇ ਰਹੇ ਨੇ
ਤੇ ਅੰਨ ਦਾਤਾ ਵੀ
ਡੋਲ਼ੀ ਲੈ ਕੇ ਹੀ ਪਰਤੇਗਾ।

**ਪ੍ਰੋ. ਜਗੀਰ ਸਿੰਘ ਕਾਹਲੋਂ**
**ਬਰੈਂਪਟਨ, ਕੈਨੇਡਾ**
**7973566459**
**kahlonjbs@gmal.**



## ਨਜ਼ਮ

ਸੁਰਿੰਦਰ ਗੀਤ



### ਜਾਗਣ ਦੀ ਜਾਗ

ਜਦੋਂ
ਕਿਸੇ ਤਖ਼ਤ ਦੇ
ਨਾਦਰਸ਼ਾਹੀ ਫੁਰਮਾਨ ਚੋਂ ਨਿਕਲੀ
ਦਹਿਸ਼ਤ ਤੇ ਵਹਿਸ਼ਤ ਦੀ
ਬਦਬੂ
ਲੋਕਾਂ ਦੀ ਹੋਂਦ ’ਤੇ
ਹਮਲਾ ਕਰਦੀ ਹੈ
ਲੋਕਾਂ ਦਾ ਦਮ ਘੁੱਟਦੀ ਹੈ
ਤਾਂ
ਲੋਕੀਂ ਜਾਗ ਪੈਂਦੇ ਹਨ
ਤੇ ਇਹ ਵੀ ਸੱਚ ਹੈ ਕਿ
ਜਾਗਦੇ ਲੋਕਾਂ ਦਾ ਸੂਰਜ
ਕਦੇ ਛਿੱਪਦਾ ਨਹੀਂ ਹੁੰਦਾ
ਹੱਕਾਂ ਲਈ ਉੱਠਿਆ ਜੋਸ਼
ਰੋਕਿਆਂ ਰੁਕਦਾ ਨਹੀਂ ਹੁੰਦਾ

ਹੁਣ ਉਸ ਤਖ਼ਤ ਤੋਂ
ਮਾਰੂ ਫੁਰਮਾਨ ਦੀ ਬਦਬੂ ਆਈ ਹੈ
ਜਿਸ ਤਖ਼ਤ ਦੇ ਸਿਰ ਤੋਂ
ਚਿੱਟੇ ਹੁਕਮਰਾਨ ਦੀ ਗੁਲਾਮੀ ਦਾ
ਤਾਜ ਲਾਹ ਕੇ
ਆਜ਼ਾਦੀ ਦਾ ਤਾਜ ਸਜਾਉਣ ਖਾਤਿਰ
ਕਿਸੇ ਭਗਤ ਸਿੰਘ ਨੂੰ
ਬਾਲ ਉਮਰੇ ਹੀ
ਆਪਣੇ ਖੇਤਾਂ ਵਿੱਚ
ਬੰਦੂਕਾਂ ਦੀ ਫ਼ਸਲ ਉਗਾਉਣੀ ਪਈ
ਤੇ ਭਰ ਜਵਾਨੀ ਵਿੱਚ
ਲੋਕਾਂ ਨੂੰ ਜਗਾਉਣ ਖਾਤਿਰ
ਸਤਲੁੱਜ ਦੇ ਕੰਢੇ
ਆਪਣੇ ਲਹੂ ਦੀ ਜੋਤ
ਜਗਾਉਣੀ ਪਈ

ਇਤਿਹਾਸ ਤੁਰਦਾ ਤੁਰਦਾ
ਫਿਰ ਉਸ ਰਾਹ ’ਤੇ ਆਇਆ ਹੈ
ਸ਼ਹੀਦਾਂ ਦੇ ਖ਼ੂਨ ਨਾਲ ਲਬਰੇਜ਼
ਪੰਜਾਬ ਦੀ ਮਿੱਟੀ ਦੇ ਜਾਏ
ਆਪਣੀ ਫ਼ਸਲ ਦੇ
ਹਰ ਦਾਣੇ ਦੇ ਸਨਮਾਨ ਖਾਤਿਰ
ਆਪਣੇ ਪਿੰਡ ਦੀ ਹੋਂਦ ਖਾਤਿਰ
ਆਪਣੇ ਮੁੜ੍ਹਕੇ ਦੀ ਪਹਿਚਾਣ ਖਾਤਿਰ
ਹਕੂਮਤ ਦੀਆਂ ਡਾਗਾਂ ਖਾਂਦੇ
ਪਾਣੀ ਦੀਆਂ ਬੁਛਾੜਾਂ ਝੱਲਦੇ
ਰਾਹਾਂ ’ਚੋਂ ਕੰਡਿਆਲੀਆਂ ਤਾਰਾਂ ’ਤੇ
ਭਾਰੇ ਪੱਥਰ ਹਟਾਉਂਦੇ
ਪੱਗਾਂ ਸੰਭਾਲਦੇ
ਤੁਰੇ ਜਾ ਰਹੇ ਹਨ
ਦੇਸ਼ ਭਰ ਦੇ
ਕਿਰਤੀ ਕਾਮਿਆਂ
ਕਿਸਾਨਾਂ ਤੇ ਮਜਦੂਰਾਂ ਨੂੰ
ਜਾਗਣ ਦੀ ਜਾਗ ਲਗਾਉਣ ਲਈ ।

## ਹੱਕ ਮੰਗਦੇ...।

ਹੱਕ ਮੰਗਦੇ ਹਾਕਮਾਂ ਤੈਥੋਂ
ਅਸੀਂ ਨਾ ਕੋਈ ਭੀਖ ਮੰਗਦੇ
ਹੱਕਾਂ ਖਾਤਿਰ ਲੋਕ ਯੁੱਧ ਲੜਨੇ
ਵੇ ਸਾਨੂੰ ਸਾਡੇ ਗੁਰੂ ਦੱਸਦੇ।

ਪੜ੍ਹਿਆ ਜੇ ਹੁੰਦਾ ਬਹਿ ਕੇ
ਸਾਡਾ ਇਤਿਹਾਸ ਵੇ
ਕਾਲੇ ਇਹ ਕਾਨੂੰਨਾਂ ਦੀ ਨਾ
ਪਾਉਂਦਾ ਕਦੇ ਬਾਤ ਵੇ
ਇਹ ਸਾਂਭ ਕੇ ਤੂੰ ਰੱਖ ਘਰ ਆਪਣੇ
ਵੇ ਸਾਡਾ ਇਹ ਦਮ ਘੁੱਟਦੇ
ਹੱਕ ਮੰਗਦੇ ਹਾਕਮਾਂ ......।


ਨਾਨਕ ਦੇ ਪੈਰੋਕਾਰ
ਕਿਰਤੀ ਕਿਸਾਨ ਹਾਂ
ਸਾਦਗੀ 'ਚ ਪਲਦੇ ਤੇ
ਸਾਦੇ ਇਨਸਾਨ ਹਾਂ
ਤੇਰੇ ਸ਼ਾਹਾਂ ਦੀ ਵੇ ਤੱਕੜੀ ਦੇ ਉੱਤੇ
ਕਦੇ ਨੀ ਅਸੀਂ ਤੁਲ ਸਕਦੇ
ਹੱਕ ਮੰਗਦੇ ਹਾਕਮਾਂ......।

ਹਾਕਮਾਂ ਵੇ ਸਾਡੇ ਖੇਤ
ਸਾਡੀ ਜਿੰਦ ਜਾਨ ਨੇ
ਸਾਡਾ ਇਹ ਧਰਮ ਤੇ
ਸਾਡਾ ਇਹ ਈਮਾਨ ਨੇ
ਸਾਡੀ ਵੱਟ ਉੱਤੇ ਆਣ ਖੜੇ ਕੋਈ
ਵੇ ਅਸੀਂ ਇਹ ਨਹੀਂ ਜਰਦੇ
ਹੱਕ ਮੰਗਦੇ ਹਾਕਮਾਂ......।

ਹੱਕਾਂ ਲਈ ਲੜਦੇ ਹਾਂ
ਜੀਣ ਲਈ ਮਰਦੇ ਹਾਂ
ਆਏ ਦਿਨ ਨਵਾਂ ਇਤਿਹਾਸ
ਅਸੀਂ ਘੜਦੇ ਹਾਂ
ਤੇਰੀ ਨੀਤੀ ਦੀਆਂ ਮਾਰੂ ਚਾਲਾਂ ਕੋਲੋਂ
ਇਹ ਰਾਹ ਸਾਡੇ ਨਹੀ ਰੁੱਕਦੇ
ਹੱਕ ਮੰਗਦੇ ਹਾਕਮਾਂ......।

ਬਣ ਕੇ ਤੂਫਾਨ ਅਸੀਂ
ਘਰਾਂ ਵਿੱਚੋਂ ਨਿਕਲੇ ਹਾਂ
ਖੇਤਾਂ ਦੀ ਆਜ਼ਾਦੀ ਲਈ
ਦਿੱਲੀ ਘੇਰੀ ਫਿਰਦੇ ਹਾਂ
ਸਾਡੇ ਕਿਰਤੀ ਸੰਘਰਸ਼ ਦੇ ਮੂਹਰੇ
ਵੇ ਜਿੱਤ ਦੇ ਨਗਾਰੇ ਵੱਜਦੇ
ਹੱਕ ਮੰਗਦੇ ਹਾਕਮਾਂ.........

**ਸੁਰਿੰਦਰ ਗੀਤ**
**ਕੈਲਗਰੀ , ਕੈਨੇਡਾ**
**+1(403) 605-3734**
**sgeetgill@gmail.com**



## ਨਜ਼ਮ

## ਸੁਰਜੀਤ ਕੌਰ



ਮਸ਼ਾਲਾਂ ਵਾਂਗ ਜਗਦੀਓ ਕੁੜੀਓ
ਗਰਾਊਂਡ ਜ਼ੀਰੋ ’ਤੇ
ਮਸ਼ਾਲਾਂ ਵਾਂਗ ਜਗਦੀਓ ਕੁੜੀਓ
ਮੋਰਚਿਆਂ ’ਤੇ ਬੈਠੀਓ ਨੌਜਵਾਨ
ਬੱਚੀਓ
ਸਿਜਦਾ ਹੈ ਤੁਹਾਡੇ ਸੰਘਰਸ਼ ਨੂੰ
ਤੁਹਾਡੇ ਹੌਂਸਲੇ ਨੂੰ
ਤੁਹਾਡੀ ਸੋਚ ਨੂੰ,
ਤੁਸੀਂ ਜੋ ਕਦੇ ਬਾਹਰ ਨਿਕਲਣ ਤੋਂ
ਡਰਦੀਆਂ ਸਓ
ਲੁਕ ਲੁਕ ਅੰਦਰ ਰਹਿੰਦੀਆਂ ਸਓ
ਅੱਜ ਧਰਨਿਆਂ ’ਤੇ ਆਣ ਬੈਠੀਆਂ ਓ
ਅੰਦੋਲਨਕਾਰੀਆਂ ਦੇ ਬਰਾਬਰ ਆ
ਖੜੀਆਂ ਹੋ
ਮੀਲਾਂ ਤੱਕ ਫੈਲੇ ਲੋਕ ਇਕੱਠ ‘ਚ
ਨਿਧੜਕ ਫਿਰਦੀਆਂ ਓ
ਖੁੱਲ੍ਹੇ ਅੰਬਰ ਹੇਠਾਂ
ਹਨੇਰਿਆਂ ਨਾਲ ਗੁਫ਼ਤਗੂ ਕਰਦਿਆਂ
ਠੰਡੀਆਂ ਰਾਤਾਂ ‘ਚ ਨਾਅਰੇ
ਮਾਰਦਿਆਂ
ਤੁਹਾਨੂੰ ਜਾਬਰਾਂ ਤੋਂ ਡਰ
ਨਹੀਂ ਲੱਗਦਾ?

ਝੱਟ ਬੋਲ ਪਈ ਉਹ ਵੀਰਾਂਗਣਾਂ
ਧੀ ਹਾਂ ਕਿਸਾਨ ਦੀ
ਮਿੱਟੀ ‘ਚੋਂ ਗੁੱਧੀ ਹਾਂ
ਤੱਤੇ ਠੰਡੇ ਮੌਸਮਾਂ ‘ਚ ਰਿੱਧੀ ਹਾਂ
ਗਿਆਨ ਦੀ ਲੋਅ ਦਿੱਤੀ ਹੈ ਜਿਸਨੇ
ਆਪਣੇ ਉਸ ਬਾਬਲ ਦੇ ਮੱਥੇ ਦੀ
ਹਰ ਸੋਚ ਨੂੰ ਜਾਣਦੀ ਹਾਂ
ਉਹ ਜਾਨ ਵਾਰ ਸਕਦੈ
ਪਰ ਆਪਣੇ ਖੇਤ ਨਹੀਂ,
ਉਹਦੇ ਹੱਕਾਂ ਦੀ ਰਾਖੀ ਲਈ
ਮੈਂ ਉਸਦੀ ਧੀ
ਉਸਦੇ ਨਾਲ ਆਣ ਖੜੀ ਹਾਂ
ਡਰ ਨਹੀਂ ਹੁਣ
ਮੌਕਾ ਮਿਲਿਐ ਸਾਨੂੰ
ਖ਼ੁਦ ਨੂੰ ਸਾਬਤ ਕਰਨ ਦਾ
ਆਪਣੇ ਹਿੱਸੇ ਦੀ ਜੰਗ
ਆਪ ਲੜਣ ਦਾ
ਇਹ ਲਹਿਰ ਹੈ ਸਾਡੀ
ਪਹਿਚਾਣ ਬਣੀ
ਲਿਖੀ ਜਾਏਗੀ ਇਕ
ਤਵਾਰੀਖ਼ ਨਵੀਂ ਕਿ
ਘਰਾਂ ‘ਚੋਂ ਨਿੱਕਲ ਕੁੜੀਆਂ
ਨਿਧੜਕ ਹੋ
ਕਿਸਾਨੀ ਮੋਰਚਿਆਂ ‘ਚ
ਸਨ ਜਾ ਰਲੀਆਂ
ਵਕਤ ਦੀ ਨਬਜ਼ ਪਛਾਣਦੀ ਹਾਂ
ਆਪਣੇ ਹੱਕਾਂ ਲਈ
ਸਿਰ ਧੜ ਦੀ ਬਾਜ਼ੀ
ਲਾਉਣਾ ਜਾਣਦੀ ਹਾਂ
ਇਹ ਕੀ ਡਰਾਣਉਗੇ

ਖੇਤਾਂ ਦੇ ਰਾਖਿਆਂ ਨੂੰ
ਜਿਨ੍ਹਾਂ ਤਾਰਿਆਂ ਦੀ ਛਾਵੇਂ
ਆਪਣੀਆਂ ਰਾਤਾਂ ਬਿਤਾਈਆਂ ਨੇ
ਜਿਨ੍ਹਾਂ ਸੱਪਾਂ ਦੀਆਂ ਸਿਰੀਆਂ ਮਿੱਧ ਕੇ
ਲੋਕਾਈ ਲਈ ਫਸਲਾਂ ਉਗਾਈਆਂ ਨੇ
ਮੈਂ ਉਸੇ ਅੰਨਦਾਤੇ ਦੀ ਧੀ ਹਾਂ
ਅੱਜ ਉਸਦੇ ਨਾਲ ਆ ਖੜੀ ਹਾਂ
ਇਹ ਤਾਨਾਸ਼ਾਹ
ਉਸਦੇ ਸਬਰ ਦੀ
ਅਜਮਾਇਸ਼ ਨਾ ਕਰਨ
ਇਹ ਮੁਨਾਫ਼ਾਖੋਰ
ਸਾਡੇ ਹੱਕ ਸਾਨੂੰ ਵਾਪਸ ਕਰਨ
ਗਰਾਊਂਡ ਜ਼ੀਰੋ ’ਤੇ ਮਸ਼ਾਲਾਂ ਵਾਂਗ
ਜਗਦੀਓ ਕੁੜੀਓ
ਮੋਰਚੇ ਤੇ ਬੈਠੀਓ ਨੌਜਵਾਨ ਬੱਚੀਓ
ਸਿਜਦਾ ਹੈ ਤੁਹਾਡੇ
ਬੁਲੰਦ ਹੌਸਲਿਆਂ ਨੂੰ
ਤੁਸੀਂ ਜੋ ਕਦੇ ਬਾਹਰ ਨਿਕਲਣ ਤੋਂ
ਡਰਦੀਆਂ ਸਓ
ਅੱਜ ਧਰਨਿਆਂ ਤੇ ਆਣ ਬੈਠੀਆਂ ਓ
ਹਮੇਸ਼ਾ ਇਵੇਂ ਹੀ ਨਿਧੜਕ
ਫਿਰਦੀਆਂ ਰਹਿਓ
ਸ਼ੇਰਨੀਆਂ ਵਾਂਗ ਗੱਜਦੀਆਂ ਰਹਿਓ

## ਜਿੰਦੇ ਮੇਰੀਏ

1.
ਕਹੀ ਲੈ ਕੇ ਨੱਕੇ ਮੈਂ ਮੋੜਾਂ
ਬਾਪੂ ਮੇਰਾ ਬੈਠਾ ਮੋਰਚੇ

2.
ਬਾਪੂ ਤੁਰ ਗਿਆ ਜਦੋਂ ਦਾ ਦਿੱਲੀ
ਬੇਬੇ ਓਹਦੀ ਪੱਗ ਬੰਨ੍ਹ ਲਈ

3.
ਸਿਰ ਕੱਫਣ ਸੁਰਜੀਤ ਲਲਕਾਰੇ
ਉਠੋ ਭੈਣੋਂ ਦਿੱਲੀ ਚੱਲੀਏ

4.
ਬੈਠੀ ਮੋਰਚੇ ਬਰਾਬਰ ਤੇਰੇ
ਹੁਣ ਮੈਨੂੰ ਚਿੜੀ ਨਾ ਕਹੀਂ

5.
ਜਿੰਦ ਮੁੱਕ ਜਾਏ ਜੇ ਮੋਰਚੇ ’ਚ ਮੇਰੀ
ਸੁਰਗਾਂ ਨੂੰ ਰੂਹ ਜਾਊਗੀ

6.
ਕਾਮੇ ਪਹਿਲਾਂ ਹੀ ਗਰੀਬ ਬਥੇਰੇ
ਓ ਹਾਕਮਾ ਬੇ-ਘਰੇ ਨਾ ਕਰੀਂ

7.
ਅਸਾਂ ਕਰਨੀ ਜ਼ਮੀਨ ਦੀ ਰਾਖੀ
ਵੈਰੀਆ ਤੂੰ ਅੱਖ ਨਾ ਧਰੀਂ

8.
ਅਸਾਂ ਜ਼ਾਬਰਾਂ ਦੀ ਧੌਂਸ ਨਾ ਸਹਿਣੀ
ਚੱਲ ਦੋਵੇਂ ਦਿੱਲੀ ਚੱਲੀਏ

9.
ਕਿੰਨੇ ਮਰ ਗਏ ਨੇ ਦਾਅਵੇ ਕਰਦੇ
ਹੈਂਕੜ ਤੇਰੀ ਲਹਿ ਜਾਣੀ

10.
ਲੋਕਾਂ ਚੁਣਿਆ ਹਿੱਤਾਂ ਲਈ ਤੈਨੂੰ
ਜ਼ਾਲਮਾਂ ਤੂੰ ਸਾਡੇ ਹੱਕ ਖਾ ਗਿਆ

**ਸੁਰਜੀਤ ਕੌਰ**
**ਬਰੈਂਪਟਨ, ਕੈਨੇਡਾ**
**+1 (416) 605-3784**

## .ਗ਼ਜ਼ਲ

## ਜਸਵਿੰਦਰ



### .ਗ਼ਜ਼ਲ

ਸੁਲਗ਼ਦੇ ਹਰ ਖੇਤ ‘ਚੋਂ ਤੂਫ਼ਾਨ
ਚੜ੍ਹਿਆ ਆ ਰਿਹਾ ਹੈ।
ਹਲ਼ ਦੇ ਫਾਲ਼ੇ ਨਾਲ ਹੁਣ ਇਤਿਹਾਸ
ਲਿਖਿਆ ਜਾ ਰਿਹਾ ਹੈ।

ਹੇਠਲੀ ਉੱਤੇ ਕਰੇ ਬਾਝੋਂ
ਗਤੀ ਹੋਣੀ ਨਾ ਅਪਣੀ,
ਹੇਠ ਜੁੜਿਆ ਬੈਲ ਉਤਲੇ ਨੂੰ
ਇਹੋ ਸਮਝਾ ਰਿਹਾ ਹੈ।


ਪਿੰਡ ਦੇ ਅਨਪੜ੍ਹ ਬਜ਼ੁਰਗਾਂ ਨੇ
ਪੜ੍ਹੀ ਮਿੱਟੀ ਦੀ ਭਾਸ਼ਾ,
ਕਿਰਤ ਵਿੱਦਿਆ ਦਾ ਇਹ ਜਲਵਾ
ਡਿਗਰੀਆਂ ‘ਤੇ ਛਾ ਰਿਹਾ ਹੈ।

ਮਾਰ ਕੇ ਸਿਰ ‘ਤੇ ਮੜਾਸਾ ਭਰ ਕੇ
ਅੱਖਾਂ ਵਿੱਚ ਖ਼ੁਮਾਰੀ,
ਜੋ ਕਦੇ ਮੋਗੇ ਗਿਆ ਨਾ ਉਹ ਵੀ
ਦਿੱਲੀ ਜਾ ਰਿਹਾ ਹੈ।

ਚਾਲ ਮੁਰਲੀਧਰ ਦੀ ਕੌਰਵ ਪਾਂਡਵਾਂ
ਨੂੰ ਸਮਝ ਆਈ,
ਫੇਰ ਤੋਂ ਸਤਲੁਜ ਭਰਾ ਜਮਨਾ ਨੂੰ
ਸੀਨੇ ਲਾ ਰਿਹਾ ਹੈ।

ਡਰ ਗਈ ਹੈ ਰਾਤ ਹੁਣ ਜਗਦੇ ਦਿਲਾਂ
ਦੀ ਰੌਸ਼ਨੀ ਤੋਂ,
ਦੀਵਿਆਂ ਦਾ ਸੇਕ ਪਾਵੇ ਤਖ਼ਤ ਦੇ
ਪਿਘਲਾ ਰਿਹਾ ਹੈ।

**ਜਸਵਿੰਦਰ**
**ਸਰੀ, ਕੈਨੇਡਾ**
**+1 (778) 953-2774**



## ਗ਼ਜ਼ਲ

### ਭੁਪਿੰਦਰ ਦੂਲੇਅ



### 1

ਅਨਾਜ ਮੇਰਾ ਤੇ ਮੁੱਲ ਤੇਰਾ,
ਮੈਂ ਖਾਲੀ ਬੋਝਾ ਹੀ ਘਰ ਲਿਆਵਾਂ।
ਤੇਰੀ ਇਹ ਤੱਕੜੀ ਵੀ ਕੋਸਦੀ ਹੈ,
ਕਦੇ ਤਾਂ ਸ਼ਾਹਾਂ ਵੇ ਤੋਲ ਸਾਵਾਂ ।

ਹਨੇਰ ਨਗਰੀ ਤੇ ਰਾਜ ਚੌਪਟ,
ਤਮਾਮ ਦੋਸ਼ੀ ਵਜ਼ੀਰ ਹੋਏ,
ਚੱਲਣ ਇਹ ਕਾਜ਼ੀ ਵੀ ਸੈਨਤਾਂ ’ਤੇ,
ਮੈਂ ਕਿੱਥੋਂ ਇਨਸਾਫ਼ ਲੈਣ ਜਾਵਾਂ ।

ਅਨੇਕ ਸੱਧਰਾਂ ਨੇ ਬਾਂਝ ਹੋਈਆਂ,
ਹਜ਼ਾਰਾਂ ਹਾਸੇ ਯਤੀਮ ਹੋਏ,
ਉਜਾੜ ਨਸਲਾਂ ਵੀ ਆਖਦੇ ਨੇ,
ਮਾਹੌਲ ਹੋਇਆ ਬੜਾ ਸੁਖਾਵਾਂ ।

ਇਹ ਧਰਤ ਮੇਰੀ ਤੇ ਫ਼ਸਲ ਮੇਰੀ,
ਹੈ ਅੱਜ ਖ਼ਤਰੇ ਚ ਨਸਲ ਮੇਰੀ,
ਮੈਂ ਆਪਣੇ ਹੱਕਾਂ ਨੂੰ ਲੈਣ ਖ਼ਾਤਰ,
ਕਾਨੂੰਨ ਤੇਰੇ ਦਾ ਸਿਰ ਝੁਕਾਵਾਂ ।

ਅਜੇ ਤਾਂ ਹੋਕਾ ਹੈ ਸਹਿਜ ਮੇਰਾ,
ਅਜੇ ਅੰਦੋਲਨ ਹੈ ਸ਼ਾਂਤ ਮੇਰਾ,
ਅਗਰ ਬਗ਼ਾਵਤ ਤੇ ਆ ਗਿਆ ਤਾਂ,
ਤੇਰੇ ਸਿੰਘਾਸਣ ਨੂੰ ਵੀ ਹਿਲਾਵਾਂ ।

ਤੂੰ ਕਰਕੇ ਗੰਧਲੇ ਇਹ ਪੌਣ ਪਾਣੀ,
ਵਿਨਾਸ਼ ਦੇ ਕੇ ਵਿਕਾਸ ਲੋੜੇਂ,
ਜ਼ਰਾ ਕੁ ਏਨਾ ਤਾਂ ਦੱਸ ਬੰਦਿਆ
ਕਿ ਧਰਤ ਕਿੱਥੇ ਕਰੇ ਦੁਆਵਾਂ ।

### 2

ਹੈ ਕੇਹਾ ਰਾਜਿਆਂ ਦਾ ਰਾਜ ਤੰਤਰ ।
ਨੇ ਕੈਦੀ ਹਰਫ਼ ਇੱਥੇ ਕਲਮ ਅੰਦਰ।

ਇਹ ਰੁੱਖ ਸਹਿਮੇ ਹੋਏ ਬਾਕੀ ਬਚੇ ਜੋ,
ਚੁਫ਼ੇਰੇ ਲਿਸ਼ਕਦੇ ਹੱਥਾਂ ’ਚ ਖੰਜਰ ।

ਮੇਰੇ ਵਹਿਣਾਂ ਤੋਂ ਖੋਹ ਕੇ ਰੇਤ ਪਾਣੀ,
ਤੇ ਮੈਨੂੰ ਬਖਸ਼ਿਆ ਚਿੱਟਾ ਸਮੁੰਦਰ।

ਉਗਾ ਫ਼ਸਲਾਂ ਤੇ ਫ਼ਸਲਾਂ ਜ਼ਹਿਰ ਪਾ ਪਾ,
ਮੈਂ ਆਪਣੀ ਧਰਤ ਖ਼ੁਦ ਕੀਤੀ ਹੈ ਬੰਜਰ ।

ਤੇਰੀ ਇਸ ਖ਼ੁਦਕੁਸ਼ੀ ਅੰਨਦਾਤਿਆ ਵੇ,
ਡੁਬੋਇਐ ਹੋਰ ਡੂੰਘਾ ਕਰਜ਼ ਅੰਦਰ।

ਜੋ ਬਾਹਰੋਂ ਚਮਕਦੇ ਨੇ ਉੱਚੇ ਮੁਨਾਰੇ ,
ਅੰਦਰੋਂ ਖੋਖਲੇ ਵੀਰਾਨ ਖੰਡਰ ।

ਹਨੇਰਾ ਹੋ ਲਵੇ ਕਿੰਨਾ ਵੀ ਗੂੜ੍ਹਾ,
ਸਵੇਰੇ ਨੇ ਤਾਂ ਹੋਣਾ ਹੈ ਉਜਾਗਰ ।


**ਭੁਪਿੰਦਰ ਦੂਲੇਅ**
**ਕੈਨੇਡਾ**
**+1 (416) 587-1320**

ਨਜ਼ਮ

## ਕਵਿੰਦਰ ਚਾਂਦ



### ਅਸੀਂ ਲੋਕ

ਲੋਕਾਂ ਨਾਲ ਇਹ ਜੋਕਾਂ ਦਾ ਭੇੜ
ਮੁੱਢੋਂ
ਹੁੰਦਾ ਰਿਹਾ ਹੈ ਤੇ ਹੁੰਦਾ ਰਹੂ ਲੋਕੋ
ਆਖਰ ਅੱਤ ਖ਼ੁਦਾ ਦਾ ਵੈਰ ਹੁੰਦਾ
ਕਦ ਤੱਕ ਜ਼ੁਲਮ ਅਨਿਆਂ ਕੋਈ ਸਹੂ
ਲੋਕੋ


ਮੌਸਮ ਕਹਿ ਰਿਹਾ ਹੈ ਹਵਾ ਬੋਲਦੀ
ਹੈ
ਚੜ੍ਹ ਕੇ ਆਏ ਕਿਰਸਾਨਾਂ ਨੂੰ ਕੌਣ
ਡੱਕੂ
ਇਹਨਾ ਬਿਜਲੀਆਂ ਨੂੰ ਕਰੂ  ਕੈਦ
ਕਿਹੜਾ
ਇਹਨਾ ਚੜ੍ਹੇ ਤੂਫ਼ਾਨਾਂ ਨੂੰ ਕੌਣ ਡੱਕੂ

ਅਸੀਂ ਵਤਨ ਦੇ ਵਿੱਚ ਬੇਵਤਨ ਹੋ ਕੇ
ਲਿਤੜੇ  ਹੋਇਆਂ ਨੇ ਅੱਜ ਲਿਤਾੜ
ਦੇਣੇਂ
ਹੱਕ ਹੱਕ ਪੁਕਾਰਦੇ ਲੋਕ ਜਜ਼ਬੇ
ਅਸਾਂ ਅਣਖ ਦੀ ਸਾਣ ਤੇ ਚਾੜ੍ਹ ਦੇਣੇਂ

ਚਿਣਗਾਂ ਦੱਬੀਆਂ ਇਹ ਭਾਂਬੜ
ਬਣਨਗੀਆਂ, ਇਹਨਾਂ ਜ਼ੁਲਮ ਦੇ
ਮਹਿਲ ਸਭ ਸਾੜ ਦੇਣੇਂ
ਸਾਡੇ ਰਿਜ਼ਕ ਨੂੰ ਕਿਸੇ ਜੇ ਹੱਥ
ਪਾਇਆ
ਢਿੱਡੋਂ ਭੁੱਖਿਆਂ ਨੇ ਢਿੱਡ ਪਾੜ ਦੇਣੇਂ

ਅਸੀਂ ਅੱਜ ਆਪਣੀ ਕਤਲਗਾਹ
ਅੰਦਰ
ਨੰਗੇ ਪੈਰੀਂ ਅੰਗਿਆਰਾਂ ’ਤੇ ਨੱਚ ਰਹੇ
ਹਾਂ
ਜਿੱਦਾਂ ਸਾਨੂੰ ਜਮਾਂਦਰੂ ਮਿਲੀ ਗੁੜ੍ਹਤੀ
ਉਦਾਂ ਈ ਅੱਜ ਤਲਵਾਰਾਂ ’ਤੇ ਨੱਚ
ਰਹੇ ਹਾਂ

ਕਵਿੰਦਰ ਚਾਂਦ
ਸਰੀ, ਕੈਨੇਡਾ



## ਨਜ਼ਮ

ਸੁੱਖ ਬਰਾੜ



### ਉੱਠ ਜਵਾਨਾ

ਉੱਠ ਜਵਾਨਾ, ਲੜ ਹੱਕਾਂ ਲਈ
ਬੋਝ ਪੰਜਾਬ ਸਿਓਂ ਬਾਬੇ 'ਤੇ!
ਜਿਸ ਬਾਬੇ ਤੋਂ ਖੜ੍ਹਨਾ ਸਿੱਖਿਆ,
ਟ੍ਰੈਕਟਰ ਮਗਰ ਸੁਹਾਗੇ 'ਤੇ !
ਸਾਂਭ ਲੈ ਵੇਲਾ, ਕਰ ਲੈ ਹੀਲਾ,
ਮੁੜ ਨਹੀਂ ਮਿਲਣਾ ਇਹ ਵਸੀਲਾ,
ਮੱਖੀ ਬਹਿ ਗਈ ਸੱਜਣਾ ਸਾਡੇ
ਰੋਟੀਆਂ ਵਾਲੇ ਛਾਬੇ 'ਤੇ !

ਬਾਬੇ ਨਾਨਕ ਖੇਤੀ ਕਰਕੇ
ਰਾਹ ਦਿਖਾਇਆ ਕਿਰਤੀ ਨੂੰ !
ਸਮਝ ਗਿਆ ਸੀ ਬਾਬਲ ਸਾਡਾ,
ਰਜਵਾੜੇ ਦੀ ਬਿਰਤੀ ਨੂੰ !
ਵਹੀਆਂ ਬਣੀਆਂ, ਗੂਠੇ ਲੱਗੇ,
ਪੈਰ ਬਿਆਈਆਂ, ਪਾਟੇ ਝੱਗੇ!
ਸ਼ਾਹੂਕਾਰ ਨੇ ਆਣ ਘੁਮਾਇਆ,
ਵਿਆਜ ਦੇ ਵੱਟੇ ਫਿਰਕੀ ਨੂੰ !

ਸਾਧਾਂ ਦੇ ਪੈਰਾਂ ਦਾ ਘੱਟਾ
ਪੈ ਗਿਆ ਜੱਟ ਦੇ ਪਰਨੇ 'ਤੇ !
ਦੱਸਿਓ ਜੇ ਕੋਈ ਚਿੱਟਾ ਚੋਲਾ,
ਆਇਆ ਹੋਵੇ ਧਰਨੇ ਤੇ !
ਅਤਰ-ਫਲੇਲਾਂ, ਐਨਕ ਲਾ ਕੇ,
ਵੜ ਗਏ ਭੋਰੇ, ਖੀਰਾਂ ਖਾ ਕੇ।
ਕਦੋਂ ਲਿਖੋਗੇ ਸਾਧਾਂ ਦਾ ਨਾਂ,
ਖੇਤ ਚ ਗੱਡੇ ਡਰਨੇ ਤੇ ?

ਜੱਟ ਆਹ, ਤੇ ਜੱਟ ਔਹ ਹੁੰਦਾ
ਸੁਣਦੇ ਨਿੱਤ ਬਜ਼ਾਰਾਂ ਚੋਂ!
ਮਾਰਿਆ ਹੈ ਕੋਈ ਹਾਅ ਦਾ ਨਾਹਰਾ?
ਪੁੱਛਿਉ ਬਾਈ ਕਲਾਕਾਰਾਂ ਤੋਂ !
ਹਾਂ, ਆਉਂਦੇ ਹੋਣਗੇ ਐਸ਼ ਕਰਨ ਨੂੰ
ਕੈਮਰਿਆਂ ਮੂਹਰੇ ਕੈਸ਼ ਕਰਨ ਨੂੰ !
ਕਈਆਂ ਨੇ ਬੜੇ ਖੇਖਣ ਕਰਨੇ,
ਬੁਰਕੀਆਂ ਲੈ ਦਰਬਾਰਾਂ ਤੋਂ !

ਵਜਾ ਦਿਓ ਬਿਗਲ ਤੇ ਮਾਰੋ ਹੰਭਲਾ,
ਕੁਝ ਨਹੀਂ ਲੱਭਣਾ ਦੇਰਾਂ ਨਾਲ !
ਸਦਾ ਕਲੋਲਾਂ ਕਰਦੇ ਗਿੱਦੜ
ਹੱਸਦੇ ਸੁੱਤਿਆਂ ਸ਼ੇਰਾਂ ਨਾਲ !
ਚੁੱਕ ਲਓ ਝੰਡੇ, ਜੋੜਕੇ ਮੋਢੇ
ਤਾਕਤ ਹੈ ਕਦਮਾਂ ਵਿੱਚ ਥੋੜੇ !
ਮਿੰਨਤ ਹੈ ਇੱਕ "ਸੁਖ" ਦੀ ਮੰਨਿਉਂ,
ਨਿਪਟੋ ਡੁੱਲਿਆਂ ਬੇਰਾਂ ਨਾਲ !

**ਸੁੱਖ ਬਰਾੜ**
**ਕੈਲਗਰੀ, ਕੈਨੇਡਾ**
**+1(403) 472-7200**

ਨਜ਼ਮ

## ਓਂਕਾਰ ਪ੍ਰੀਤ



## ਮੁੜ ਉਠਿਆ ਪੰਜਾਬ

ਪੰਜਾਬ ਦੀਆਂ ਰਗਾਂ ‘ਚ ਦੌੜਦੀ
ਪੰਜਾਬੀਅਤ
ਅੱਜ ਅੱਖਾਂ ਸਾਹਵੇਂ ਸਾਕਾਰ ਹੈ।

ਕਿਰਸਾਨ ਨਾਨਕ
ਮਰਦਾਨੇ ਦੀ ਰਬਾਬ ’ਤੇ
ਗਾ ਰਿਹਾ ‘ਖ਼ੂਨ ਕੇ ਸੋਹਲੇ’।

ਚਾਂਦਨੀ ਚੌਕ ‘ਚ ਡੁੱਲੇ
ਸ਼ਾਹ-ਰਗ ਦੇ ਲਹੂ ਨਾਲ
ਰੌਸ਼ਨ ਹੈ ਸਿੰਘੂ ਬਾਰਡਰ।

ਪੰਜਾਬੀਅਤ ਦੇ ਸਿਰ ਦੀ ਰਾਖੀ ਲਈ
ਮੁੜ ਉੱਠ ਖਲੋਤੇ
ਗੁਰਾਂ ਦੇ ਰੰਘਰੇਟੇ ਬੇਟੇ।

ਕੇਸਗੜ੍ਹ ਦੇ ਮੈਦਾਨ ਦਾ ਇੱਕਠ
ਦੂਣਾ-ਚੌਗਣਾ ਹੋ ਕੇ
ਠਾਠਾਂ ਮਾਰ ਰਿਹਾ ਦਿੱਲੀ ਦੁਆਲੇ।

ਤਨ ਮਨ ਦੇ ਨਾਲ
ਧਨ ਲੈ ਕੇ ਨਿੱਤਰ ਰਹੇ
ਮੁੜ ਟੋਡਰਮੱਲ।

ਸੈਂਕੜੇ ਮੋਤੀ ਮਹਿਰੇ
ਸਿੰਘੂ ਕੁੰਡਲੀ ਬਾਰਡਰਾਂ ’ਤੇ
ਨਿੱਘੇ ਰੱਖ ਰਹੇ ਪੋਹ ਠਾਰੇ ਤੰਬੂ।

ਤਨ-ਮਨ ਦੀ ਅਰੋਗਤਾ ਦਾ ਜਲ
ਵਰਤਾ ਰਹੇ
ਭਾਈ ਘਨੱਈਆਂ ਦੇ ਦਲ।

ਪੰਜਾਬੀਅਤ ਦੀ ਸ਼ਾਨਾਮੱਤੀ ਪਾਲਕੀ
ਮੋਢੀਂ ਚੁੱਕਣ ਆਣ ਪੁੱਜੇ
ਮੁੜ ਨਬੀ ਤੇ ਗਨੀ ਖਾਨ।

ਜੀਂਦੇ ਹੋਣ ਦਾ ਅਹਿਸਾਸ ਕਰਾਉਂਦੇ
ਹਜ਼ਾਰਾਂ ਗਰਜ਼ੇ- ਬੋਤੇ ਸਿੰਘ।

ਦਿੱਲੀ ਦੇ ਕਿੰਗਰੇ ਮਾਤ ਪਾ ਰਿਹਾ
ਦੁੱਲੇ ਦੀ ਪੱਗ ਦਾ ਸ਼ਮਲਾ।

ਯਮੁਨਾ ਕੰਢੇ ਆਣ ਢੁੱਕੇ
ਨਾਦਰੀ ਅਟਕ ਨੂੰ ਅਟਕਾਉਣ ਵਾਲੇ
ਚੜ੍ਹਤ ਸਿੰਘਾਂ ਦੇ ਪੋਤੀਆਂ-ਪੋਤਰੇ।

ਮਾਈਆਂ ਰੱਬ ਰਜਾਈਆਂ ਦਾ
ਹਰੇ ਭਰੇ, ਸਰ੍ਹੋਂ-ਫੁੱਲੇ ਖੇਤਾਂ ਦੇ
ਦੁਪੱਟਿਆਂ ਦਾ ਲਸ਼ਕਰ।

ਪਗੜੀ ਸੰਭਾਲ਼ ਦਾ ਹੋਕਾ ਦਿੰਦੇ
ਸੁਰ ਉਚਿਆਉਂਦੇ ਰਲ਼-ਮਿਲ
ਕਿਸ਼ਨ ਸਿੰਘ, ਪਾਸ਼, ਉਦਾਸੀ ਤੇ
ਦਿਲ।

ਸੈਂਕੜੇ ਨਿੱਕੇ ਨਿੱਕੇ
ਵੱਡੇ ਵੱਡੇ ਭਗਤ ਸਿੰਘ ਸਰਾਭੇ।
ਮੁੜ ਉੱਠ ਖੜੇ ਹਜ਼ਾਰਾਂ ਗਦਰੀ
ਬਾਬੇ।

ਸ਼ਾਹੀ ਦਰਬਾਰ 'ਚ
ਲੋਕ-ਮਾਰੂ ਦਲੀਲਾਂ ਕੱਟਣ ਲਈ
ਮੁੜ ਉੱਠੀ ਉਂਗਲੀ ਬਾਬੇ ਭਕਨੇ ਦੀ।

ਸੈਆਂ ਨੂਰੇ ਮਾਹੀ ਘਰ ਘਰ ਪੁਜਾ ਰਹੇ
ਕੂੜ ਕਚਹਿਰੀ 'ਚ
ਸੱਚ ਦੇ ਜਲੌ ਦਾ ਅੱਖੀਂ-ਡਿੱਠਾ
ਹਾਲ।

ਰਜਵਾੜੀਆਂ ਜੋਕਾਂ ਦਾ ਦਰਬਾਰ
ਘੇਰ ਖਲੋਤੀ ਖੇਤਾਂ ਦੀ ਸਰਕਾਰ।

ਅਪਣੇ ਜੀਆਂ ਦੀ ਜਿੱਤ ਦਾ
ਗਗਨ-ਦਮਾਮਾ
ਵਜਾਉਣ ਨੂੰ ਧਰਤੀ ਹੈ ਤਿਆਰ।

ਪੰਜਾਬ ਦੀਆਂ ਰਗਾਂ 'ਚ ਦੌੜਦੀ
ਯੋਧੀ ਜੇਤੂ ਪੰਜਾਬੀਅਤ
ਅੱਜ ਅੱਖਾਂ ਸਾਹਵੇਂ ਹੈ ਸਾਕਾਰ।

**ਓਂਕਾਰ ਪ੍ਰੀਤ**
**ਕੈਨੇਡਾ**
**+1 (647) 455-5629**



## ਨਜ਼ਮ

ਗੁਰਦੀਸ਼ ਕੌਰ ਗਰੇਵਾਲ



### ਹੱਥਾਂ ਦੀ ਤਾਕਤ

ਹਾਕਮ ਪੁੱਛੇ ਮੀਡੀਆ ਨੂੰ
'ਪਤਾ ਲਗਾਓ
ਕਿ ਕਿਸ ਦਾ ਹੈ ਹੱਥ
ਇਸ ਅੰਦੋਲਨ ਦੇ ਪਿੱਛੇ ?
ਚੀਨ ਦਾ ? ਪਾਕਿਸਤਾਨ ਦਾ ?
ਐਨ. ਆਰ. ਆਈਜ਼ ਦਾ ?
ਜਾਂ ਖਾਲਿਸਤਾਨ ਦਾ ?

ਉਸ ਨੂੰ ਕੌਣ ਸਮਝਾਏ
ਕਿ ਇਸ ਦੇ ਪਿੱਛੇ ਤਾਂ ਹੱਥ ਹੈ
ਧਰਤੀ ਦੇ ਮੋਹ ਦਾ
ਲੋਕਾਂ ਦੇ ਰੋਹ ਦਾ
ਮਜ਼ਲੂਮਾਂ ਦੀ ਚਿੱਟੇ ਦਿਨ
ਹੁੰਦੀ ਲੁੱਟ ਖੋਹ ਦਾ
ਤੇ ਲੋਕਾਂ ਨੂੰ ਚਿੰਬੜੀਆਂ ਜੋਕਾਂ
ਪ੍ਰਤੀ ਉੱਠੇ ਵਿਦਰੋਹ ਦਾ।

ਤੇ ਇਸ ਦੀ ਅਗਵਾਈ
ਕਰਨ ਵਾਲਿਆਂ ਦੇ ਪਿੱਛੇ
ਇੱਕ ਲੰਬਾ ਇਤਿਹਾਸ ਹੈ
ਮੁਜ਼ਾਰਿਆਂ ਤੋਂ ਮਾਲਕ ਬਨਾਉਣ ਵਾਲੇ
ਬਾਬਾ ਬੰਦਾ ਸਿੰਘ ਬਹਾਦਰ ਦਾ
ਤੇ ਦਿੱਲੀ ਨੂੰ ਫਤਹਿ ਕਰਨ ਵਾਲੇ
ਸਰਦਾਰ ਬਘੇਲ ਸਿੰਘ ਦਾ
ਤੇ ਇਹਨਾਂ ਦੇ ਸੀਸ 'ਤੇ ਹੱਥ ਹੈ
ਬਾਬਰ ਨੂੰ ਜਾਬਰ ਕਹਿਣ ਵਾਲੇ
ਬਾਬੇ ਨਾਨਕ ਦਾ
ਜਬਰ ਦਾ ਮੁਕਾਬਲਾ
ਸਬਰ ਨਾਲ ਕਰਨ ਵਾਲੇ
ਗੁਰੂ ਅਰਜਨ ਦਾ
ਮਨੁੱਖੀ ਹੱਕਾਂ ਲਈ
ਸੀਸ ਕਟਾਉਣ ਵਾਲੇ
ਗੁਰੂ ਤੇਗ ਬਹਾਦਰ ਦਾ
ਤੇ ਜ਼ਾਲਿਮ ਨੂੰ
ਜ਼ਫਰਨਾਮਾ ਲਿਖਣ ਵਾਲੇ
ਸਰਬੰਸ ਦਾਨੀ ਦਸ਼ਮੇਸ਼ ਪਿਤਾ ਦਾ

ਤੇ ਇਸ ਵਿੱਚ ਸ਼ਾਮਲ ਨੇ
ਕਿਸਾਨ ਵੀ, ਵਪਾਰੀ ਵੀ
ਮਜ਼ਦੂਰ ਵੀ, ਲਿਖਾਰੀ ਵੀ
ਪੇਂਡੂ ਵੀ ਤੇ ਸ਼ਹਿਰੀ ਵੀ


ਹਿੰਦੂ ਵੀ ਤੇ ਮੁਸਲਿਮ ਵੀ
ਸਿੱਖ ਵੀ, ਈਸਾਈ ਵੀ

ਇਸ ਵਿੱਚ ਸ਼ਾਮਲ ਨੇ
ਭੈਣਾਂ ਵੀ ਤੇ ਵੀਰ ਵੀ
ਬੱਚੇ ਵੀ ਤੇ ਬਿਰਧ ਸਰੀਰ ਵੀ
ਧੀਆਂ ਵੀ ਤੇ ਮਾਵਾਂ ਵੀ
ਤੇ ਬਜ਼ੁਰਗਾ ਦੀਆਂ
ਦੁਆਵਾਂ ਵੀ

ਇਸ ਵਿੱਚ ਦੇਸ਼ ਦੇ
ਕੋਨੇ ਕੋਨੇ ਤੋਂ ਆਏ ਨੇ ਹੱਥ
ਪੰਜਾਬ ਤੋਂ ਅਸਾਮ ਤੱਕ
ਤੇ ਕਸ਼ਮੀਰ ਤੋਂ ਕੰਨਿਆਂ ਕੁਮਾਰੀ
ਤੱਕ
ਜਦੋਂ ਇਹ ਸਾਰੇ ਹੱਥ
ਇੱਕ ਜੁੱਟ ਹੋ ਜੁੜਦੇ ਹਨ
ਤਾਂ ਇਹਨਾਂ ਵਿੱਚ ਆ ਜਾਂਦੀ ਹੈ
ਲੋਹੜੇ ਦੀ ਤਾਕਤ
ਤੇ ਇਹ ਪਲਟ ਸਕਦੀ ਹੈ
ਕਿਸੇ ਵੀ ਜ਼ਾਲਿਮ ਹਕੂਮਤ
ਦਾ ਤਖ਼ਤ।

**ਗੁਰਦੀਸ਼ ਕੌਰ ਗਰੇਵਾਲ**
**ਕੈਲਗਰੀ, ਕੈਨੇਡਾ**
**+91 98728 60488**



## ਨਜ਼ਮ

## ਅਮਰਦੀਪ ਸੰਧਾਵਾਲੀਆ



### ਜਿੱਤ

ਜਬਰ ਦੇ ਸਾਹਮਣੇ ਹੁਣ
ਖੜ੍ਹ ਗਿਆ ਹੈ, ਰੋਹ ਕਿਸਾਨਾਂ ਦਾ।
ਸਮਾਂ ਮੁੱਕਣਾ ਸੀ ਆਖ਼ਰ
ਤਾਂ ਸਬਰ ਦੇ ਇਮਤਿਹਾਨਾਂ ਦਾ।

ਬਚਾਵੀਂ ਮਾਲਕਾ ਕਿਧਰੇ ਨਾ
ਸਾਡੇ ਖੇਤ ਖਾ ਜਾਵੇ,
ਉਹ ਚੰਦਰੀ ਵਾੜ ਜਿਸਨੂੰ
ਜਾਗਿਆ ਹੈ ਮੋਹ ਦੁਕਾਨਾਂ ਦਾ।

ਉਦੋਂ ਦਿੱਲੀ ਜ਼ਰਾ ਵੀ ਦੂਰ
ਨਾ ਲੱਗਦੀ ਜਦੋਂ ਹੋਵੇ,
ਬਜ਼ੁਰਗਾਂ ਦੀ ਸਿਆਣਪ ਨਾਲ
ਜਜ਼ਬਾ ਨੌਜਵਾਨਾਂ ਦਾ।

ਬੁਲਾਉਂਦੇ ਆਪ ਉਹ ਪਹਿਲਾਂ
ਅਤੇ ਫਿਰ ਮਿਲਣਾ ਨਹੀਂ ਚਾਹੁੰਦੇ ,
ਖੁਸ਼ਕ ਏਨਾ ਵੀ ਕੀ ਹੋਇਆ
ਰਵੱਈਆ ਮੇਜ਼ਬਾਨਾਂ ਦਾ।

ਤੁਸੀਂ ਪਿੰਜਰੇ ’ਚ ਦੇਵੋ ਤਾੜ
ਭਾਵੇਂ ਪਰ ਕੁਤਰ ਦੇਵੋ,
ਯਕੀਨਨ ਖ਼ਾਬ ਸਾਨੂੰ ਆ ਹੀ
ਜਾਣਾ ਹੈ ਉਡਾਨਾਂ ਦਾ।

ਇਹ ਬਾਹਰ ਹਾਕਮਾਂ ਦੇ ਹੱਠ ਕਰਕੇ
ਹੀ ਨਿਕਲੀਆਂ ਨੇ ,
ਬੜਾ ਚਿਰ ਮੰਨਿਆ ਕਹਿਣਾ ਸੀ
ਤੇਗਾਂ ਨੇ ਮਿਆਨਾਂ ਦਾ।

ਕਿਤੇ ਹੁਣ ਡੋਲ ਨਾ ਜਾਇਓ,
ਫ਼ਤਹਿ ਸਾਡੀ ਹੀ ਹੋਵੇਗੀ,
ਕਿ ਹੁਣ ਡੋਲਣ ਹੀ ਵਾਲਾ ਹੈ
ਸਿੰਘਾਸਣ ਹੁਕਮਰਾਨਾਂ ਦਾ।

ਕਦੇ ਜੋ ਰੋਹ ਸੀ ਉਹ ਹੁਣ ਬਣ
ਗਿਆ ਵਿਦਰੋਹ ਕਿਸਾਨਾਂ ਦਾ
ਯਕੀਨਨ ਡੋਲ ਹੁਣ ਜਾਣਾ
ਸਿੰਘਾਸਨ ਹੁਕਮਰਾਨਾਂ ਦਾ

ਬੁਲਾਉਂਦੇ ਆਪ ਉਹ ਪਹਿਲਾਂ ਤੇ ਫਿਰ
ਮਿਲਣਾ ਨਹੀਂ ਚਾਹੁੰਦੇ
ਖ਼ੁਸ਼ਕ ਏਨਾ ਵੀ ਕੀ ਹੋਇਆ
ਰਵੱਈਯਾ ਮੇਜ਼ਬਾਨਾਂ ਦਾ

### 2

ਬੁਰਕੀ ਤੋੜ ਦਿਓ
ਮੁਆਫ਼ ਕਰਿਓ
ਜੇਕਰ ਤੁਹਾਨੂੰ ਰੋਟੀ ’ਚੋਂ
ਦਿਸਦਾ ਹਲ ਵਾਹੁੰਦਾ ਕਿਰਸਾਨ ਹੁੰਦਾ
ਤਾਂ ਤੁਸੀਂ ਕੁਝ ਵੀ ਹੋ ਸਕਦੇ ਹੋ
ਹਾਂ ਕੁਝ ਵੀ ਪਰ ਇਨਸਾਨ ਨਹੀਂ

ਅਮਰਦੀਪ ਸੰਧਾਵਾਲੀਆ
ਵਿਨੀਪੈੱਗ, ਕੈਨੇਡਾ
+1 (204) 588-0586

## ਨਜ਼ਮ

### ਅਜਾਇਬ ਸਿੰਘ ਸੰਧੂ



## ਕਿਸਾਨ ਅਸੀਂ ਦੇਸ਼ ਦੇ

ਕਿਸਾਨ ਅਸੀਂ ਦੇਸ਼ ਦੇ ਨਹੀਂ ਹਾਂ
ਪਰਾਏ ਦਿੱਲੀਏ।
ਭੀਖ ਨਹੀਂ ਆਏ ਮੰਗਣ ਹੱਕ ਲੈਣ
ਆਏ ਦਿੱਲੀਏ।

ਤੂੰ ਬਣੀ ਨਾ ਸਿਆਣੀ ਸਦਾ, ਬਦਨਾਮ
ਰਹੀ ਏਂ।
ਪਹਿਲਾਂ ਹੀ ਗ਼ਰੀਬ ਅਸੀਂ, ਹੋਰ
ਕਿਉਂ ਤੂੰ ਸਤਾਏਂ ਦਿੱਲੀਏ।
ਕਿਸਾਨ ਅਸੀਂ ਹੱਕ ਲੈਣ ਆਏ
ਦਿੱਲੀਏ।

ਸਭਨਾਂ ਦੀ ਜ਼ਾਤ ਇੱਕੋ, ਕੋਈ
ਮੱਤਭੇਦ ਨਾ।
ਕੰਮੀ ਨਾ ਕਮੀਨ ਕੋਈ, ਹਿੰਦੂ ਸਿੱਖ
ਮੇਖ ਨਾ
ਲਹੂ ਦਾ ਰੰਗ ਇੱਕੋ, ਵੱਖਰੇ ਨਾ
ਬਣਾਏ ਦਿੱਲੀਏ
ਕਿਸਾਨ ਅਸੀਂ ਹੱਕ ਲੈਣ ਆਏ
ਦਿੱਲੀਏ।

ਸ਼ਾਇਦ ਤੈਨੂੰ ਸ਼ੱਕ ਇਹੋ,
ਸਾਨੂੰ ਪਾੜ ਦੇਵੇਂਗੀ।

ਦੂਰੋਂ ਨੇੜਿਉ ਸਾਰਿਆਂ ਨੂੰ, ਤੂੰ ਉਜਾੜ
ਦੇਵੇਂਗੀ

ਅਸੀਂ ਮਰਨ ਨੂੰ ਤਿਆਰ, ਇਰਾਦੇ
ਇਹ ਬਣਾਏ ਦਿੱਲੀਏ
ਕਿਸਾਨ ਅਸੀਂ ਹੱਕ ਲੈਣ ਆਏ
ਦਿੱਲੀਏ।

ਅੱਜ ਸਮਰਾਟ ਤੇਰਾ, ਜ਼ਾਲਮ ਜਹਾਨ
ਦਾ।
ਹਿੰਦੂ ਹੋ ਕੇ ਮਾਰੇ ਹਿੰਦੂ, ਡਰ ਨਾ
ਭਗਵਾਨ ਦਾ।
ਚੱਲ ਆ ਗਿਆ ਕਿਸਾਨ ਸਾਡਾ,
ਡੇਰੇ ਇੱਥੇ ਹੀ ਨੇ ਲਾਏ ਦਿੱਲੀਏ।
ਕਿਸਾਨ ਅਸੀਂ ਹੱਕ ਲੈਣ ਆਏ
ਦਿੱਲੀਏ।

ਅਸੀਂ ਹੋ ਗਏ ਸਿਆਣੇ, ਤੇਰੀ ਪੇਸ਼
ਨਹੀਂ ਚੱਲਣੀ।
ਭੱਜਦਿਆਂ ਨੂੰ ਵਾਹਣ ਇੱਕੋ, ਲੰਮੀ
ਰੇਸ ਇਹ ਚੱਲਣੀ।
ਸ਼ੇਰ ਸੁੱਤੇ ਸੀ ਘੁਰਨਿਆਂ ਚੋਂ, ਪੰਗਾ
ਲੈ ਤੂੰ ਜਗਾਏ ਦਿੱਲੀਏ।
ਕਿਸਾਨ ਅਸੀਂ ਹੱਕ ਲੈਣ ਆਏ
ਦਿੱਲੀਏ

ਸਮਝਾ ਲੈ ਜੇ ਇਹ ਸਮਝਦਾ,ਤੂੰ ਇਸ
ਵੱਡੇ ਚੋਰ ਨੂੰ।
ਰਹਿਣ ਦੇ ਤੂੰ ਚੁੱਪ ਸਾਨੂੰ, ਨਾ ਵੇਖ
ਸਾਡੇ ਜ਼ੋਰ ਨੂੰ
ਝੁਲਾ ਦੇਣਾ ਝੰਡਾ ਜਿਵੇਂ,
ਪਹਿਲਾਂ ਕਈ ਝੁਲਾਝੇ ਦਿੱਲੀਏ।
ਕਿਸਾਨ ਅਸੀਂ ਹੱਕ ਲੈਣ ਆਏ
ਦਿੱਲੀਏ।

**ਅਜਾਇਬ ਸਿੰਘ ਸੰਧੂ**
**ਮੌਂਟਰੀਆਲ, ਕੈਨੇਡਾ**
**+1 (514) 909-7555**

ਗ਼ਜ਼ਲ

ਰੁਪਿੰਦਰ ਸਿੰਘ ਦਿਓਲ



## ਹੋਰ ਦੱਸ

ਹੋਰ ਦੱਸ ਰੋਟੀ ਕਿੱਥੋਂ ਆਈ ਤੇਰੀ
ਥਾਲ਼ੀ ਵਿੱਚ
ਕਿਸੇ ਨੇ ਤਾਂ ਸਿਰ ਦਿੱਤੈ ਸੱਜਣਾਂ
ਪੰਜਾਲ਼ੀ ਵਿੱਚ

ਮੰਨਿਆਂ ਤੂੰ ਦੂਰ ਕਿਸੇ ਸ਼ਹਿਰ ਵਿੱਚ
ਰਹਿਨਾਂ ਏ।
ਉੱਜੜੇ ਕਿਸਾਨਾਂ ਦੀ ਨਾ ਸਾਰ ਕਦੇ
ਲੈਨਾਂ ਏਂ
ਭੁੱਲਿਆ ਭਰਾਵਾਂ ਤਾਂਈ ਜ਼ਿੰਦਗੀ
ਸੁਖਾਲ਼ੀ ਵਿੱਚ।
ਹੋਰ ਦੱਸ ਰੋਟੀ ਕਿੱਥੋਂ ...

ਮੰਡੀਆਂ ਗੋਦਾਮਾਂ ਵਿੱਚ ਜਿਣਸਾਂ ਨੂੰ
ਰੋਲਿਆ
ਹਾਲ਼ੀਆਂ ਦੇ ਹੱਕ ਵਿੱਚ ਕਦੇ ਨਾ ਤੂੰ
ਬੋਲਿਆ।
ਵੇਚਕੇ ਜ਼ਮੀਰ ਬੈਠਾ ਸੌਦਿਆਂ ਦੀ
ਕਾਹਲ਼ੀ ਵਿੱਚ।
ਹੋਰ ਦੱਸ ਰੋਟੀ ਕਿੱਥੋਂ ...

ਦਿੱਸਦੇ ਨਾ ਪੌਣਾਂ ਵਿੱਚ ਜ਼ਹਿਰ ਘੋਲ਼ੀ
ਜਾਂਦੇ ਜੋ।
ਨੀਲੇ ਦਰਿਆਵਾਂ ਵਿੱਚ ਮੈਲ਼ ਡੋਲ੍ਹੀ
ਜਾਂਦੇ ਜੋ।
ਦਿਸਦੀ ਖੁਨਾਮੀ ਤੈਨੂੰ ਜੱਟ ਦੀ
ਪਰਾਲ਼ੀ ਵਿੱਚ।
ਹੋਰ ਦੱਸ ਰੋਟੀ...

ਖਾਣ ਵਾਲ਼ੀ ਚੀਜ਼ ਸਭ ਖੇਤ ਵਿੱਚੋਂ
ਆਉਂਦੀ ਏ।
ਖੇਤੀ ਦੇ ਸਹਾਰੇ ਹੀ ਇਹ ਦੁਨੀਆ
ਜਿਉਂਦੀ ਏ।
ਫੇਰ ਵੀ ਕਿਸਾਨ ਸਦਾ ਰਹਿੰਦਾ
ਮੰਦਹਾਲੀ ਵਿੱਚ।
ਹੋਰ ਦੱਸ ਰੋਟੀ ਕਿੱਥੋਂ...

ਤੂੰ ਵੀ ਉੱਠ ਲੁੱਟ ਨੂੰ ਵੰਗਾਰ ਕਦੇ
ਸ਼ਹਿਰੀਆ
ਨਾਹਰਾ ਕਿਰਸਾਨੀ ਲਈ ਮਾਰ ਕਦੇ
ਸ਼ਹਿਰੀਆ।
ਦਿਸੇ ਨਾ ਕੋਈ ਪੀਲਾ ਪੱਤ ਸਾਡੀ
ਹਰਿਆਲੀ ਵਿੱਚ।
ਹੋਰ ਦੱਸ ਰੋਟੀ ਕਿੱਥੋਂ ਆਈ ਤੇਰੀ
ਥਾਲ਼ੀ ਵਿੱਚ।
ਕਿਸੇ ਨੇ ਤਾਂ ਸਿਰ ਦਿੱਤੈ ਸੱਜਣਾਂ
ਪੰਜਾਲ਼ੀ ਵਿੱਚ।

ਰੁਪਿੰਦਰ ਸਿੰਘ ਦਿਓਲ
ਕੈਲਗਰੀ, ਕੈਨੇਡਾ
+1 (647) 295-7351

## ਨਜ਼ਮ

### ਰਾਜਪਾਲ ਬੋਪਾਰਾਏ



## ਰੋਟੀ

ਥਾਲੀ 'ਚ, ਉਵੇਂ ਦੀ ਉਵੇਂ
ਰੋਟੀ ਪਈ ਵੇਖ
ਮਾਂ ਨੇ ਪੁੱਤ ਨੂੰ ਘੂਰਿਆ
ਖਾਂਦਾ ਕਿਉਂ ਨਹੀਂ,
ਕਿਵੇਂ ਖਾਂਵਾਂ ਮਾਂ,ਇਹਦੇ ਵਿੱਚੋਂ ਮੈਨੂੰ
ਮੋਰਚੇ 'ਤੇ ਗਿਆ ਬਾਪੂ ਦਿੱਸਦਾ
ਠੰਡੀ ਸੀਤ ਹਵਾ ਤੋਂ ਬਚਦਾ
ਕੰਬਲ ਦੀ ਬੁੱਕਲ ਮਾਰ
ਟਰਾਲੀ ਦੇ ਥੱਲੇ
ਤਰਪਾਲ 'ਤੇ ਬੈਠਾ ਬਾਪੂ ਦਿੱਸਦਾ
ਰੋਟੀ 'ਚੋਂ ਮੈਨੂੰ
ਭੈਣ ਦੇ ਵਿਆਹ 'ਤੇ ਲਏ
ਕਰਜ਼ੇ ਦਾ ਪ੍ਰਨੋਟ ਦਿੱਸਦਾ
ਟਰੈਕਟਰ ਦੀਆਂ ਕਿਸ਼ਤਾਂ
ਛੋਟੇ ਦੀ ਪੜ੍ਹਾਈ ਦਾ ਖਰਚਾ
ਤੇਰੀਆਂ ਅਧੂਰੀਆਂ ਰੀਝਾਂ
ਤੇ ਬਾਪੂ ਦੇ ਅੱਟਨ ਦਿੱਸਦੇ ਨੇ
ਜੋ ਤੇਰੇ ਨਿੱਕੇ ਨਿੱਕੇ ਚਾਅ ਵੀ
ਪੂਰੇ ਨਹੀਂ ਕਰ ਸਕੇ ।
ਏਨਾਂ ਚਾਵਾਂ ਨੂੰ ਪੂਰੇ ਕਰਨ ਦੇ ਯਤਨ
ਸਲਾਮਤ ਰੱਖਣ ਲਈ
ਦਿੱਲੀ ਦਰਵਾਜ਼ੇ 'ਤੇ ਬਾਪੂ
ਠਰੂੰ ਠਰੂੰ ਕਰਦਾ ਏ, ਤੇ ਉੱਥੇ
ਕੌਡੇ ਰਾਕਸ਼ਸ਼ ਅਤੇ ਮਲਕ ਭਾਗੋ
ਬਾਪੂ 'ਤੇ ਹੱਸਦੇ ਨੇ
ਪੁੱਠੀਆਂ ਸਿੱਧੀਆਂ ਜ਼ਰਬਾਂ ਵਾਲੇ
ਹੱਲ ਕਸੂਤੇ ਦੱਸਦੇ ਨੇ
ਸੱਜਣ ਬਣ ਕੇ ਠੱਗਦੇ ਨੇ
ਬਾਪੂ ਸੜਕਾਂ 'ਤੇ ਠਰਦੇ ਨੇ ।

## ਇਨਸਾਫ਼ ਦੀ ਹਾਮੀ

ਪਲੇਟ 'ਚ ਪਏ, ਤਾਜ਼ਾ ਫੁੱਲਕੇ 'ਤੇ
ਹੱਥ ਰੱਖ ਕੇ, ਸੱਚ ਬੋਲਿਉ
ਕਿ ਰੋਟੀ ਪੈਦਾ ਕਰਨ ਵਾਲੇ ਨਾਲ
ਇਨਸਾਫ਼ ਹੋ ਰਿਹਾ ਜਾਂ ਨਹੀਂ?
ਆਪਣੀ ਆਤਮਾ ਦੇ
ਚੇਤਿਆਂ 'ਚ ਧਿਆਨ ਧਰਕੇ
ਸੱਚ ਦੱਸਿਉ, ਕਿ ਉਸ ਨੂੰ
ਮਿਹਨਤ ਦਾ ਸਹੀ ਮੁੱਲ
ਮਿਲ ਰਿਹਾ ਜਾਂ ਨਹੀਂ
ਅੰਨਦਾਤੇ ਦੀਆਂ
ਉਹਨਾਂ ਦੁਸ਼ਵਾਰੀਆਂ ਦਾ ਵੀ
ਧਿਆਨ ਧਰਨਾ, ਜਿਨਾਂ ਕਰਕੇ
ਸਾਡੇ ਰਸੋਈ ਘਰਾਂ 'ਚ
ਅੰਨ ਦੀ ਮਹਿਕ ਭਰਨ ਵਾਲੇ ਨੇ
ਰੋਟੀ ਦੀ ਥਾਂ
ਆਪ ਸਲਫ਼ਾਸ ਕਿਉਂ ਖਾਧੀ?
ਤੁਹਾਡੀ ਆਤਮਾ ਨੂੰ
ਜੇ ਇਹ ਬੇਇਨਸਾਫ਼ੀ ਲੱਗੇ
ਤਾਂ ਪਲੇਟ 'ਚ ਰੱਖੇ ਫੁੱਲਕੇ ਨੂੰ
ਉਨੀਂ ਦੇਰ ਹੱਥ ਨਾ ਲਾਇਉ
ਜਿੰਨੀ ਦੇਰ
ਤੁਹਾਡੀ ਰਸੋਈ ਦੀ ਮਹਿਕ
ਇਨਸਾਫ਼ ਦੀ ਹਾਮੀ ਨਾ ਭਰੇ
ਤੇ ਅੰਨ ਦਾਤੇ ਦੀ ਜ਼ਿੰਦਗੀ
ਆਪਣੀ ਤੋਰੇ ਨਾ ਤੁਰੇ ।

**ਰਾਜਪਾਲ ਬੋਪਾਰਾਏ**
**ਟੋਰੰਟੋ, ਕੈਨੇਡਾ**
**437 220 6675**

## ਨਜ਼ਮ

ਹਰਸ਼ਰਨ ਕੌਰ



### ਸਜਦਾ

ਸਜਦਾ ਹੈ ਰੱਬ਼ ਦੇ ਬੰਦਿਆ
ਮਹੀਨਿਆਂ ਬੱਧੀ ਹੱਕਾਂ ਖਾਤਿਰ
ਧਰਨਿਆਂ ਉੱਤੇ ਬੈਠਿਆਂ ।

ਹੱਕ ਆਪਣੇ ਦੇ ਨਾਅਰੇ ਲਾਉਂਦਿਆਂ
ਸੜਕਾਂ ਤੇ ਬਣ ਸੈਲਾਬ ਤੂੰ ਤੁਰਿਆ
ਇਸ ਆਵਾਜ਼ ਨੂੰ ਰਾਜਧਾਨੀ ਤੀਕਰ
ਪਹੁੰਚਾਉਣ ਦਾ ਨਿਸ਼ਾਨਾ ਤੂੰ ਧਰਿਆ

ਰਾਹਾਂ ਵਿੱਚ ਕੰਡਿਆਲੀਆਂ ਤਾਰਾਂ
ਅੱਥਰੂ ਗੈਸ ਦੇ ਗੋਲੇ ਸੁੱਟੇ
ਤੇਜ ਪਾਣੀ ਦੀਆਂ ਬੁਛਾੜਾਂ
ਸੜਕਾਂ ਉੱਤੇ ਟੋਏ ਪੁੱਟੇ
ਇਹ ਤਾਂ ਸਭ ਔਖੀਆਂ ਘਾਟੀਆਂ
ਤੇਰੀ ਹਿੰਮਤ ਨੂੰ ਚੁਣੌਤੀ
ਬੱਲੇ ਓਏ ਧਰਤੀ ਦਿਆ ਪੁੱਤਰਾ
ਪਾਰ ਕਰਦਾ ਤੂੰ ਅੱਗੇ ਤੁਰਿਆ
ਕਾਫ਼ਲੇ ਬਾਅਦ ਫਿਰ ਕਾਫ਼ਲਾ
ਜੁੜਿਆ

ਤੂੰ ਤਾਂ ਆਪਣੀ ਮਿੱਟੀ ਨੂੰ ਚੁੰਮਦਾ
ਹਿੱਕ ਆਪਣੀ ਤੇ ਮੱਥੇ 'ਤੇ ਮਲਦਾ
ਤੇਰੀਆਂ ਲਹਿਲਹਾਉਂਦੀਆਂ ਫ਼ਸਲਾਂ
ਤੇਰੇ ਹੀ ਪਸੀਨੇ ਨਾਲ,
ਫਿਰ ਵੀ ਮੁੱਲ ਪੂਰਾ ਨਾ ਮਿਲਦਾ

ਭੌਂਇ ਤਾਂ ਤੇਰੀ ਮਾਂ
ਭੌਂਇ ਹੀ ਤੇਰੀ ਤ੍ਰਿਪਤੀ
ਦਿਨ ਰਾਤ ਤੂੰ ਕਰੇਂ ਮੁਸ਼ੱਕਤ
ਸਹਿੰਦਾ ਰਹੇਂ ਘਣੇ ਜਿਹੇ ਦੁੱਖ
ਕੁਦਰਤ ਦੀ ਮਾਰ ਵੀ ਸਹਿੰਨੈ
ਉਸ ਦੀ ਤੂੰ ਰਜ਼ਾ ਵੀ ਕਹਿੰਨੈ
ਸਭ ਖ਼ਲਕਤ ਦੀ ਫਿਰ ਵੀ
ਤੂੰ ਮੰਗਦਾ ਰਹਿੰਨੈ ਸੁੱਖ

ਅੱਜ ਜੋ ਮੁਸੀਬਤ ਆਣ ਪਈ ਹੈ
ਕਾਨੂੰਨਾਂ ਦੀ ਸੰਗਲ ਜਕੜ ਰਹੀ ਹੈ
ਕੀਕਣ ਪੁਸ਼ਤੈਨੀ ਹੱਕ ਖੋਹਣ ਲਈ
ਜਾਲ ਚਾਲਾਂ ਦੇ ਬੁਣ ਰਹੇ ਨੇ
ਹੌਲੀ ਹੌਲੀ ਪਿੰਜਰਿਆਂ ਵਿੱਚ ਡੱਕ
ਰਹੇ ਨੇ ।

ਧੰਨ ਤੁਹਾਡਾ ਜਿਗਰਾ ਵੱਡਾ
ਮਾਵਾਂ ਭੈਣਾਂ ਤੇ ਸਭ ਬੱਚੇ
ਨਾਲ ਤੁਹਾਡੇ ਟੁਰ ਰਹੇ ਨੇ
ਇਕ ਜੁੱਟ ਬਸ ਹਿੰਮਤ ਰੱਖਣਾ
ਜਿਸ ਮੰਤਵ ਨੂੰ ਲੈ ਤੁਰੇ ਹੋ
ਸਾਰੇ ਤੁਹਾਡੇ ਸੰਗ ਖੜੇ ਨੇ
ਹਿੰਮਤ ਦੀ ਮਿਸਾਲ ਹੋ ਤੁਸੀਂ
ਜਜ਼ਬੇ ਦੀ ਮਸ਼ਾਲ ਹੋ ਤੁਸੀਂ
ਗੁਰੂਆਂ ਦੀ ਧਰਤੀ ਦੀ ਮਿੱਟੀ
ਸਦਾ ਤੁਹਾਡੇ ਅੰਗ ਸੰਗ ਰਹੇ
ਆਪਣਾ ਹੱਕ ਹਮੇਸ਼ਾ ਪਹਿਲੀ
ਸਦਾ ਤੁਹਾਡੀ ਮੰਗ ਰਹੇ ।

ਹਰਸ਼ਰਨ ਕੌਰ
ਕੈਨੇਡਾ
+7788283048

## ਗ਼ਜ਼ਲ

## ਕੁਲਵਿੰਦਰ ਖਹਿਰਾ



### ਅਸੀਂ ਲੋਕ

ਅਸੀਂ ਆਰੇ ਸਿਰੀਂ ਝੱਲੇ ਬੰਦ-ਬੰਦ
ਵੀ ਕਟਾਇਆ
ਕਦੀ ਤਖ਼ਤਾਂ ਦੇ ਅੱਗੇ ਅਸੀਂ ਸੀਸ
ਨਾ ਝੁਕਾਇਆ

ਕਦੀ ਗੋਸਿਟ ਰਚਾ ਕੇ ਬਣ ਉੱਚ ਦਾ
ਸੀ ਪੀਰ
ਅੱਤ ਜ਼ੁਲਮਾਂ ਦੀ ਅੱਗੇ ਕਦੀ ਚੁੱਕ
ਸ਼ਮਸ਼ੀਰ
ਹਰ ਸਮੇਂ ਨਾਲ ਸਾਨੂੰ ਗੁਰਾਂ ਸਿੱਝਣਾ
ਸਿਖਾਇਆ
ਕਦੀ ਤਖ਼ਤਾਂ ਦੇ...

ਓਸ ਮਿੱਟੀ ਦੇ ਹਾਂ ਬਣੇਂ ਕਿ ਜਦੋਂ ਵੀ
ਠਾਣ ਤੁਰੇ
ਜਾਨ ਦੇਣੀ ਪਈ ਹੈ ਭਾਵੇਂ ਪਰ ਪਿੱਛੇ
ਨਹੀਂ ਮੁੜੇ
ਤੁਸੀਂ ਦੇਗਾਂ 'ਚ ਉਬਾਲ਼ੇ ਭਾਵੇਂ ਤਵੀ
ਤੇ ਬਿਠਾਇਆ
ਕਦੀ ਤਖ਼ਤਾਂ ਦੇ...

ਲਹਿਰਾਂ ਬਣ ਪ੍ਰਦੇਸੋਂ ਤੁਰੇ ਗ਼ਦਰ
ਮਚਾਉਣ
ਪੱਤ ਆਪਣੀ ਬਚਾਉਣ, ਝੁਕੇ ਸਿਰਾਂ
ਨੂੰ ਉਠਾਉਣ
ਸ਼ਮ੍ਹਾਂ ਅਣਖਾਂ ਦੀ ਬਾਲ਼ੀ, ਤੇਲ
ਜਿਸਮਾਂ ਦਾ ਪਾਇਆ
ਕਦੀ ਤਖ਼ਤਾਂ ਦੇ...

ਸਾਡੇ ਘਰ ਆਏ ਚੋਰ, ਅਸੀਂ ਜਾਗ
ਪਏ ਹਾਂ ਸੁੱਤੇ
ਹੋਏ ਮਜ਼੍ਹਬਾਂ ਤੋਂ ਉੱਚੇ ਅਸੀਂ ਕਸਬਾਂ
ਤੋਂ ਉੱਤੇ
ਅਸੀਂ ਘੇਰੇ ਅਬਦਾਲੀ, ਤੇ ਫ਼ਰੰਗੀ
ਵੀ ਭਜਾਇਆ
ਕਦੀ ਤਖ਼ਤਾਂ ਦੇ...

### ਪੰਜਾਬ ਬਨਾਮ ਦਿੱਲੀ

ਜਦੋਂ ਵੀ ਹੱਥ ਦਿੱਲੀ ਦਾ ਉਹਦੇ
ਗਲਮੇਂ ਨੂੰ ਆਉਂਦਾ ਹੈ
ਉਦੋਂ ਪੰਜਾਬ ਉਸਨੂੰ ਆਪਣਾ ਵਿਰਸਾ
ਵਿਖਾਉਂਦਾ ਹੈ

ਅੰਗੂਠਾ ਵੱਢ ਕੇ ਉਸਦਾ, ਭੁਲੇਖਾ ਹੈ
ਦਰੋਣੇ ਨੂੰ
ਕਿ ਹਾਲੇ ਵੀ ਇਕਲਵਾ ਹੱਥ ਤੀਰਾਂ ਨੂੰ
ਹੀ ਪਾਉਂਦਾ ਹੈ

ਵਹੀ ਖ਼ਾਤੇ ਵੀ ਭਰਦਾ ਹੈ ਤੇ ਉਹ
ਤਰਲੇ ਵੀ ਕਰਦਾ ਹੈ
ਜਦੋਂ ਪਰ ਵੱਸ ਨਾ ਚੱਲੇ ਤਾਂ ਖੰਡਾ ਵੀ
ਚਲਾਉਂਦਾ ਹੈ

ਤੁਹਾਡਾ ਵਹਿਮ ਹੈ ਕਿਰਸਾਨ ਬੀਜੇ
ਕਣਕ ਮੱਕੀ ਹੀ,
ਕਦੀ ਉਹ ਭਗਤ ਸਿੰਘ ਬਣਕੇ ਬੰਦੂਕਾਂ
ਵੀ ਉਗਾਉਂਦਾ ਹੈ

ਕੁਲਵਿੰਦਰ ਖਹਿਰਾ
ਟੋਰੰਟੋ, ਕੈਨੇਡਾ

## ਨਜ਼ਮ

### ਬਲਜੀਤ ਖ਼ਾਨ



## ਇੱਕ ਚਿੱਠੀ ਵਤਨ ਦੇ ਕਿਰਤੀ ਕਿਸਾਨਾਂ ਦੇ ਨਾਮ

ਜਿੱਥੇ ਜਿੱਥੇ ਤੁਸੀਂ
ਤੰਬੂ ਲਾਏ ਹੋਏ ਹਨ
ਟਰਾਲੀਆਂ ਖਲ੍ਹਿਆਰੀਆਂ
ਹੋਈਆਂ ਹਨ,
ਥੋੜਾ ਉਹਨਾਂ ਥਾਵਾਂ ਨਾਲ਼
ਮੋਹ ਪੈ ਜਾਣਾ ਏ,
ਜਦੋਂ ਓਥੋਂ ਵਾਪਸ ਤੁਰੇ
ਮਨ ਉਦਾਸ ਹੋਵੇਗਾ,
ਰੋਣ ਵੀ ਆਵੇਗਾ।
ਬੇਸ਼ੱਕ ਉਹ ਚੁੱਲ੍ਹੇ ਤੇ
ਚੁਰਾਂ ਆਰਜ਼ੀ ਹਨ
ਪਰ ਤੁਰਨ ਲੱਗਿਆਂ
ਉਹਨਾਂ ਨੂੰ ਢਾਹੁਣਾ ਬੜਾ ਔਖਾ ਹੋਵੇਗਾ।
ਤੁਹਾਡਾ ਮਨ ਹੋਰ
ਕੁਝ ਦਿਨ ਰੁਕਣ ਨੂੰ ਕਰੇਗਾ,
ਸੋਚੋਗੇ, ਇਹ ਮੇਲਾ ਵਿੱਛੜ ਕਿਉਂ
ਚੱਲਿਆ। ਅਜਿਹੀਆਂ ਘੜੀਆਂ
ਸਦੀਆਂ ਬਾਅਦ ਕਦੇ ਆਉਂਦੀਆਂ ਨੇ।
ਤੁਸੀਂ ਵੱਡਭਾਗੇ ਹੋ।
ਤੁਸੀਂ ਸਿਰਫ਼
ਇਤਿਹਾਸਕ ਪਲਾਂ ਦੇ ਗਵਾਹ ਹੀ ਨਹੀਂ
ਬਣੇ ਸਗੋਂ ਪੂਰੇ ਸੁਚੇਤ  ਪਾਤਰ ਬਣ
ਵਿੱਚਰੇ ਹੋ।

ਬਰਲਿਨ ਦੀ ਕੰਧ ਵਾਂਗ
ਸ਼ਾਇਦ ਕੋਈ ਕੰਕਰ ਰੋੜੀ ਯਾਦ
ਨਿਸ਼ਾਨੀ ਝੋਲ਼ੇ 'ਚ ਪਾ ਪਿੰਡ ਪਰਤੇ
ਇਹ ਵੀ ਹੋ ਸਕਦਾ ਏ
ਕੋਈ ਤੁਹਾਡੀ ਪੈੜ ਦੀ ਮਿੱਟੀ ਨੂੰ
ਕਿਸੇ ਸੁੱਚੇ ਲੀੜੇ ਦੀ ਟਾਕੀ ਵਿੱਚ ਬੰਨ੍ਹ
ਕੇ ਸਦਾ ਲਈ ਸਾਂਭ ਲਵੇ।

ਤੁਹਾਡੇ ਤੁਰਨ ਮਗਰੋਂ
ਦਿੱਲੀ ਦੀਆਂ ਗ਼ਲੀਆਂ
ਸੁੰਞੀਆਂ ਹੋ ਜਾਣੀਆਂ ਨੇ।
ਓਏ, ਤੁਸੀਂ ਦਿਲ ਜਿੱਤ ਲਏ ਹਨ,
ਤੁਸੀਂ ਸਿਕੰਦਰ ਬਾਦਸ਼ਾਹ ਨੂੰ
ਕਿਤੇ ਪਿਛਾਂਹ ਛੱਡ ਦਿੱਤਾ ਏ

ਥੋੜਾ ਕਿੱਸਿਆਂ, ਕਹਾਣੀਆਂ, ਕਿਤਾਬਾਂ
'ਚ ਜ਼ਿਕਰ ਹੋਵੇਗਾ।
ਤੁਸੀਂ ਵੀਹ ਸੌ ਵੀਹ ਨੂੰ
ਦਿਲਾਂ ਦਿਮਾਗਾਂ ਦੀਆਂ ਕੰਧਾਂ 'ਤੇ
ਡੂੰਘਾ ਉਕਰ ਦਿੱਤਾ ਏ।
ਥੋਨੂੰ ਦਸਾਂ 'ਚੋਂ
ਸੌ ਨੰਬਰ ਦੇਣ ਨੂੰ ਜੀਅ ਕਰਦਾ ਏ।

ਨਾ ਤਾਂ ਐਤਕੀਂ ਵਰਗਾ ਛੇਤੀ ਕਿਤੇ
ਪਹਿਲੇ ਪਾਤਸ਼ਾਹ ਦਾ ਗੁਰਪੁਰਬ
ਆਉਣਾ

ਨਾ ਹੀ ਐਤਕੀਂ ਵਰਗਾ ਨਵਾਂ ਸਾਲ਼
ਚੜ੍ਹਣਾ

ਥੋਨੂੰ ਓਸ ਮੁਹੱਲੇ ਦੇ ਅਨਾਥ ਤੇ ਗ਼ਰੀਬ
ਬੱਚੇ
ਸਾਰੀ ਉਮਰ ਯਾਦ ਰੱਖਣਗੇ
ਜਿੰਨ੍ਹਾਂ ਨੂੰ ਤੁਸੀਂ ਸਾਦ-ਮੁਰਾਦੀ,
ਸੁਚੱਜੀ ਜ਼ਿੰਦਗੀ ਦੇ

ਦਰਸ਼ਨ ਕਰਵਾਏ ਹਨ।
ਜਿਉਣ ਜੋਗਿਉ,
ਥੋੜੀਆਂ ਉਡੀਕਾਂ ਹੋਣਗੀਆਂ

ਕਈਆਂ ਨਾਲ਼ ਹੋਈਆਂ
ਨਵੀਆਂ ਸਾਂਝਾਂ ਉਮਰ ਭਰ
ਨਿਭਣਗੀਆਂ।

ਸਾਲਾਂ ਬਾਅਦ ਉਹਨਾਂ ਰਾਹਾਂ ਉੱਤੋਂ ਦੀ
ਜਦੋਂ ਕਦੇ ਗੇੜਾ ਲੱਗੇਗਾ ਤਾਂ
ਅਣਗਿਣਤ ਯਾਦਾਂ
ਹਾਜ਼ਰੀ ਲਵਾਉਣ ਆ ਬਹੁੜਣਗੀਆਂ।
ਮਨ ਪਿੱਛਲ ਝਾਤ ਮਾਰੇਗਾ,
ਕਦੇ ਇਹਨਾਂ ਸੜਕਾਂ 'ਤੇ ਭੁੰਜੇ ਸੁੱਤੇ
ਸਾਂ,
ਰੋਟੀਆਂ ਪਕਾਈਆਂ ਤੇ ਖਾਧੀਆਂ ਸਨ,
ਨਾਹਰੇ ਲਾਏ
ਪੋਹ ਦੀਆਂ ਠੰਢੀਆਂ ਰਾਤਾਂ ਨੂੰ
ਤੰਗੀਆਂ ਝੱਲੀਆਂ ਸਨ।
ਮਾਣ ਹੋਵੇਗਾ,
ਜਿਵੇਂ ਪੁਰਾਣੇ ਵਿਦਿਆਰਥੀ ਦਾ ਮਨ
ਆਪਣੇ ਸਕੂਲ ਦੀ ਇਮਾਰਤ ਨੂੰ
ਨਤਮਸਤਕ ਹੋਣ ਨੂੰ ਕਰਦਾ ਏ।
ਤੁਹਾਡਾ ਵੀ ਕਰੇਗਾ,
ਖੇੜਾ ਅਤੇ ਵੈਰਾਗ ਇੱਕੋ ਵੇਲ਼ੇ
ਤੁਹਾਡੀ ਰੂਹ ਨੂੰ ਕਲਾਵੇ 'ਚ ਲੈ ਲੈਣਗੇ।

ਸਾਡਾ ਵੀ ਦੂਰ ਬੈਠਿਆਂ
ਮਨ ਵਾਰ-ਵਾਰ ਵੈਰਾਗ 'ਚ ਡੁੱਬ ਜਾਂਦਾ
ਏ, ਭੁਲੇਖਾ ਪੈਂਦਾ ਏ,
ਥੋੜੇ 'ਚ ਕੋਈ ਹੋਰ ਬਿਰਾਜਮਾਨ ਏ।

ਚੜ੍ਹਦੀ ਕਲ਼ਾ ਕੀ ਹੁੰਦੀ ਏ,
ਕੀ ਚੜ੍ਹਦੀ ਕਲ਼ਾ ਖ਼ੁਸ਼ੀ ਹੁੰਦੀ ਹੈ
ਨਹੀਂ...।

ਗ਼ਮੀ 'ਚ ਵੀ ਹੌਂਸਲੇ ਦਾ ਜਜ਼ਬਾ ਹੁੰਦੀ
ਏ, ਜ਼ਿੰਦਗੀ ਅਤੇ ਮੌਤ ਤੋਂ
ਪਾਰ ਦੇਖਣ ਦੀ ਦੂਰ-ਦ੍ਰਿਸ਼ਟੀ ਹੁੰਦੀ ਏ
ਜੋ ਹੋਕਾ ਦਿੰਦੀ ਏ,
ਲੋਕੋ, ਗਵਾਇਆ ਕੁਝ ਵੀ ਨਹੀਂ।

ਆਪਣੀਆਂ ਜਿੱਤਾਂ ਅਤੇ ਪ੍ਰਾਪਤੀਆਂ ਨੂੰ
ਆਪਣੇ ਵੱਡੇ-ਵਡੇਰਿਆਂ ਦੇ ਨਾਂ ਲਿਖ
ਦੇਣਾ ਹੀ ਗੁਰੂ ਵਾਲ਼ੇ ਹੋਣਾ ਹੁੰਦਾ ਏ

ਇਸ ਵਾਰ ਅਸੀਂ ਘਰੋਂ ਐਸੇ ਨਿਕਲੇ
ਕਿ ਸੱਚੀਂ ਘਰ ਪਰਤ ਆਏ ਹਾਂ।
ਪਛਾਣ ਹੋ ਗਈ ਆਪਣੇ ਤੇ ਗ਼ੈਰ ਦੀ
ਨੇਤਾ ਜਨਾਂ ਨੂੰ ਤੁਸੀਂ ਸਿਰ ਤੋਂ ਪੈਰਾਂ
ਤਾਈਂ
ਨੰਗਾ ਕਰ ਦਿੱਤਾ ਏ।
ਜ਼ੁਅਰਤ ਨਹੀਂ ਉਹਨਾਂ 'ਚ
ਥੋੜੇ ਨਾਲ਼ ਅੱਖ 'ਚ ਅੱਖ ਪਾ ਕੇ
ਗੱਲ ਕਰਨ ਦੀ,
ਅੱਗੇ ਤੋਂ ਉਹਨਾਂ ਨੂੰ ਮੂੰਹ ਨਾ ਲਾਇਓ।

ਆਹਾ, ਹੁਣ ਸਭ ਕਸ਼ਟਾਂ ਦੀ ਕੁੰਜੀ
ਲੱਭੀ
ਇਹਨੂੰ ਚਾਹੇ ਅੰਦੋਲਨ ਕਹਿ ਲਵੋ,
ਚਾਹੇ ਮੋਰਚਾ, ਚਾਹੇ ਸੰਘਰਸ਼,
ਚਾਹੇ ਲੜਾਈ, ਚਾਹੇ ਧਰਨਾ।

ਤੁਸੀਂ ਜਿਉਂਦੇ-ਵੱਸਦੇ ਰਹੋ,
ਸ਼ਾਦ ਰਹੋ, ਆਬਾਦ ਰਹੋ

ਆਉ ਇੱਕੋ ਸਾਹੇ ਆਖੀਏ,
ਇਨਕਲਾਬ ਜ਼ਿੰਦਾਬਾਦ।

**ਬਲਜੀਤ ਖ਼ਾਨ**
**ਵਿਨੀਪੈਗ, ਕੈਨੇਡਾ**
**+1 (204) 952-9008**

## .ਗ਼ਜ਼ਲ

## ਪਰਮਜੀਤ ਕੌਰ ਦਿਓਲ



### .ਗ਼ਜ਼ਲ

ਜਿਵੇਂ ਖ਼ੁਦ ਫਸਣ ਖ਼ਾਤਰ ਹੀ
ਸੁਨਹਿਰੀ ਜਾਲ਼ ਬੁਣਿਆ ਹੈ।
ਵਤਨ ਦੇ ਵਾਸੀਆਂ ਨੇ
ਜ਼ਾਲਮਾਂ ਨੂੰ ਆਪ ਚੁਣਿਆ ਹੈ।

ਅਸੀਂ ਦਿੱਲੀ ’ਚ ਤਾਂ ਕੁਰਬਾਨੀਆਂ
ਦਿੱਤੀਆਂ ਸੀ ਪਹਿਲਾਂ ਵੀ ,
ਇਹ ਸਿੰਘੂ, ਟੀਕਰੀ ਬਾਡਰ ਹੀ
ਪਹਿਲੀ ਵਾਰ ਸੁਣਿਆ ਹੈ।


ਤੇਰੇ ਚਿਹਰੇ ’ਤੇ ਮੁਰਦਾਬਾਦ ਹੀ
ਛਪਿਆ ਰਹੇ ਦਿੱਲੀਏ,
ਕਿਸਾਨਾਂ ਨੇ ਤਾਂ ਅਪਣੇ ਦਿਲ ’ਤੇ
ਜ਼ਿੰਦਾਬਾਦ ਖੁਣਿਆ ਹੈ।

ਦਲੇਰੀ, ਵੀਰਤਾ, ਸੂਰਮਗਤੀ
ਸਾਹਸ ਹੀ ਨਿਕਲ਼ੇ ਨੇ,
ਉਨ੍ਹਾਂ ਨੇ ਫੇਰ ਜਦ ਪੰਜਾਬੀਆਂ ਦਾ
ਖ਼ੂਨ ਪੁਣਿਆ ਹੈ ।

ਅਸੀਂ ਉਸ ਦੇ ਸਹਾਰੇ
ਪੋਹ ਮਹੀਨਾ ਕੱਢਣਾ ਦੇਖੀਂ,
ਜੋ ਮਫ਼ਲਰ ਅਪਣੀਆਂ ਹੀ
ਆਂਦਰਾਂ ਦਾ ਆਪ ਉਣਿਆ ਹੈ।

**ਪਰਮਜੀਤ ਕੌਰ ਦਿਓਲ**
**ਟੋਰੰਟੋ, ਕੈਨੇਡਾ**
**+1 (647) 295-7351**



## ਗ਼ਜ਼ਲ

**ਕੇਵਲ ਸਿੰਘ ਨਿਰਦੋਸ਼**



## ਕਿਰਸਾਨ ਅੰਦੋਲਨ

ਕੁੜੀਆਂ, ਮੁੰਡਿਆਂ, ਬਿਰਧਾਂ,
ਨੌਜਵਾਨਾਂ ਨਾਲ ।
ਚੱਲ ਰਿਹਾ ਕਿਰਸਾਨ ਅੰਦੋਲਨ
ਸ਼ਾਨਾਂ ਨਾਲ ।

ਦੇਂਦਾ ਹਰ ਇਕ ਨੂੰ ਸੰਦੇਸ਼
ਮੁਹੱਬਤ ਦਾ ,
ਰਲ਼ ਕੇ ਹਿੰਦੂਆਂ, ਸਿੱਖਾਂ,
ਮੁਸਲਮਾਨਾਂ ਨਾਲ ।

ਸਮਝੇ ਨਾ ਸਰਕਾਰ ਕਿਸਾਨ
ਇਕੱਲੇ ਨੇ,
ਹਰ ਇਨਸਾਫ਼ ਪਸੰਦ ਖੜ੍ਹਾ
ਕਿਰਸਾਨਾਂ ਨਾਲ ।

ਮੋਦੀ ਮੱਥਾ ਤੇਰਾ ਲਹੂ
ਲੁਹਾਨ ਹੋਊ,
ਜਿਹੜਾ ਹੈ ਤੂੰ ਲਾਇਆ ਸਖ਼ਤ
ਚਟਾਨਾਂ ਨਾਲ ।

ਲੋਕ ਅੰਦੋਲਨ ਹੈ ਇਹ
ਲੋਕ ਚਲਾਉਂਦੇ ਨੇ,
ਤੇਰਾ ਹੁਣ ਤੱਕ ਵਾਹ ਰਿਹਾ
ਪ੍ਰਧਾਨਾਂ ਨਾਲ ।

ਦਿੱਲੀਏ ਤੇਰੀ ਹਸਤੀ ਇਕ
ਟਟੀਹਰੀ ਦੀ ,
ਪੰਗੇ ਨਾ ਲੈ ਐਵੇਂ ਤੂੰ
ਅਸਮਾਨਾਂ ਨਾਲ।

ਜਦ ਤੱਕ ਤਿੰਨੇ ਰੱਦ ਕਨੂੰਨ
ਤੂੰ ਕਰਦੀ ਨਹੀਂ ,
ਬਹਿਣ ਨਾ ਤੈਨੂੰ ਦੇਣਾ
ਅਮਨ ਅਮਾਨਾਂ ਨਾਲ ।

ਮੋਦੀ ਮਾਰ ਨਾ ਬੜ੍ਹਕਾਂ,
ਮੋਕਾਂ ਮਾਰੇਂਗਾ,
ਪੇਚਾ ਤੇਰਾ ਪੈ ਗਿਆ
ਅਸਲੀ ਸਾਨ੍ਹਾਂ ਨਾਲ ।

ਲਾਭ ਪਹੁੰਚਾਣ ਲਈ
ਸਰਮਾਏਦਾਰਾਂ ਨੂੰ,
ਖੇਡ ਨਾ ਤੂੰ ਨਿਰਦੋਸ਼ਾਂ ਦੇ
ਅਰਮਾਨਾਂ ਨਾਲ ।

**ਕੇਵਲ ਸਿੰਘ ਨਿਰਦੋਸ਼**
**ਸਰੀ, ਕੈਨੇਡਾ**

## ਨਜ਼ਮ

### ਪਰੀਤ ਚਹਿਲ



ਸਾਥੋਂ ਸਾਡਾ ਖੋਹ ਕੇ ਪਾਣੀ,
ਦਿੱਲੀਏ ਨੀ।
ਚਾਹੇਂ ਸਾਡੀ ਹੋਂਦ ਮਿਟਾਣੀ,
ਦਿੱਲੀਏ ਨੀ।
ਹੁਣ ਘਰ ਤੇਰੇ ਵਿੱਚ ਵੜਕੇ
ਤੈਨੂੰ ਟੱਕਰਾਂਗੇ,
ਤੇਰੀ ਸਾਡੀ ਰੜਕ ਪੁਰਾਣੀ,
ਦਿੱਲੀਏ ਨੀ।

ਬਘੇਲ ਸਿੰਘ ਨੇ ਕਿੱਦਾਂ ਜਿੱਤਿਆ
ਦਿੱਲੀ ਨੂੰ
ਸੁਣ ਲਈ ਕਦੇ ਕਹਾਣੀ,
ਦਿੱਲੀਏ ਨੀ।
ਆਉਣ ਪੰਜਾਬੋਂ ਘੋੜੇ ਸਿੰਘਾਂ ਦੇ
ਦਿੱਲੀ ਨੂੰ,
ਪੀਂਦੇ ਯਮਨਾ ਦਾ ਪਾਣੀ,
ਦਿੱਲੀਏ ਨੀ।
ਲਾਲ ਕਿਲੇ ’ਤੇ ਝੰਡੇ ਕੇਸਰੀ
ਝੁੱਲਦੇ ਰਹੇ,
ਕਦੇ ਤੂੰ ਸਾਡੀ ਸੀ ਪਟਰਾਣੀ,
ਦਿੱਲੀਏ ਨੀ
ਤੇਰੀ ਸਾਡੀ ਰੜਕ ਪੁਰਾਣੀ,
ਦਿੱਲੀਏ ਨੀ

ਜ਼ੁਲਮਾਂ ਵਾਲੇ ਜ਼ਾਲਮ ਜੜ ਤੋਂ
ਪੱਟ ਦਿੱਤੇ
ਜੋ ਕਰਦੇ ਰਹੇ ਵੰਡ ਕਾਣੀ,
ਦਿੱਲੀਏ ਨੀ।
ਓਦੋਂ ਹੀ ਤੈਨੂੰ ਯਾਦ ਪੰਜਾਬੀ ਆਏ ਨੇ
ਜਦੋਂ ਕਦੇ ਵੀ ਉਲਝੀ ਤਾਣੀ,
ਦਿੱਲੀਏ ਨੀ।
ਬਾਡਰਾਂ ਉਤੇ ਵੀਰ ਸਾਡੇ ਹੀ
ਮਰਦੇ ਰਹੇ,
ਸੁੱਤਾ ਹਾਕਮ ਲੰਮੀਆਂ ਤਾਣੀ,
ਦਿੱਲੀਏ ਨੀ
ਤੇਰੀ ਸਾਡੀ ਰੜਕ ਪੁਰਾਣੀ,
ਦਿੱਲੀਏ ਨੀ

ਸਾਡੀ ਬੋਲੀ ਸਭਿਆਚਾਰ ਤੈਨੂੰ
ਕਿਓਂ ਚੁੱਭਦਾ ਏ
ਰੱਖੇ ਖੇਤਾਂ ’ਤੇ ਅੱਖ ਕਾਣੀ,
ਦਿੱਲੀਏ ਨੀ।
ਤੇਰੀਆਂ ਸਭ ਚਲਾਕੀਆਂ
ਲੋਕੀਂ ਜਾਣ ਗਏ
‘ਚਹਿਲ’ ਆਖੇ ਬਣ ਨਾ
ਬਹੁਤੀ ਸਿਆਣੀ,
ਦਿੱਲੀਏ ਨੀ

**ਪਰੀਤ ਚਹਿਲ**
**ਕੈਨੇਡਾ**
**+1 (604) 864-7107**

## ਨਜ਼ਮ

## ਰਾਜਿੰਦਰ ਸਿੰਘ ਸੇਖੋਂ



### ਕਾਲਜੇ ਦਾ ਰੁੱਗ

ਕਾਲਜੇ ਦਾ ਰੁੱਗ
ਭਰਿਆ ਜਾਂਦਾ ਹੈ ਦੇਖ ਕੇ
ਸਾਰੀ ਜ਼ਿੰਦਗੀ ਸਾਡੇ ਲਈ
ਲੜਨ ਵਾਲਾ ਬਾਪੂ
ਮੁਆਫ਼ੀ ਮੰਗਦਾ ਹੈ
ਜਦੋਂ ਸਟੇਜ ਤੋਂ ਦੋਵੇਂ ਹੱਥ
ਬੰਨ੍ਹ ਕੇ ਲੱਗਦਾ ਹੈ
ਜਿਵੇਂ ਆਪਣਾ ਪਿਓ ਖੜ੍ਹਾ ਹੋਵੇ।
ਮੇਰੇ ਆਪਣੇ ਸਾਹਮਣੇ
ਦੋਵੇਂ ਹੱਥ ਜੋੜੀ
ਤੇ ਕਹਿ ਰਿਹਾ ਹੋਵੇ
ਪੁੱਤ ਤੈਨੂੰ ਜੰਮਿਆ ਪਾਲਿਆ
ਵੱਡਾ ਕੀਤਾ
ਮੁਆਫ਼ ਕਰ ਦੇ
ਪਤਾ ਨਹੀਂ ਸੀ ਤੂੰ
ਮੇਰੇ ਤੋਂ ਵੀ ਵੱਡਾ ਹੋ ਗਿਆ ਏਂ
ਤੇ ਪਾ ਰਿਹਾ ਹੋਵੇ ਮੇਰੇ ਹੀ ਤਰਲੇ
ਮੇਰੇ ਹੀ ਫ਼ਾਇਦੇ ਲਈ
ਕਾਲਜੇ ਦਾ ਰੁੱਗ
ਭਰਿਆ ਜਾਂਦਾ ਹੈ ਦੇਖ ਕੇ
ਪਤਾ ਹੀ ਨਹੀਂ ਲੱਗਿਆ
ਕਦੋਂ ਕਿਸੇ ਸ਼ਰੀਕ ਨੇ
ਮੇਰੇ ਕੰਨ ਭਰ ਦਿੱਤੇ
ਮੇਰੇ ਹੀ ਪਿਓ ਖ਼ਿਲਾਫ਼
ਮੈਂ ਤਾਂ ਉਸ ਨੂੰ ਘਰੋਂ ਕੱਢਣ ਦਾ
ਫ਼ੈਸਲਾ ਹੀ ਕਰ ਬੈਠਾ।

ਮੈਂ ਬੁੱਝ ਹੀ ਨਾ ਸਕਿਆ
ਸ਼ਰੀਕ ਦੀ
ਖਚਰੀ ਹਾਸੀ ਪਿਛਲਾ ਮਨੋਰਥ।
ਤੇ ਭੁੱਲ ਗਿਆ
ਆਪਣੇ ਬਾਪ ਦਾ ਸੰਘਰਸ਼।
ਸੰਘਰਸ਼
ਜੋ ਉਸ ਨੇ ਕੀਤਾ
ਮੇਰੇ ਜਨਮ ਤੋਂ ਲੈ
ਆਪਣੀਆਂ ਸਭ ਖਵਾਹਿਸ਼ਾਂ ਨੂੰ
ਛਿੱਕੇ ਟੰਗ ਕੇ
ਤਾਂ ਜੋ ਮੇਰਾ ਭਵਿੱਖ
ਵਧੀਆ ਬਣਾ ਸਕੇ
ਤੇ ਸ਼ਰੀਕ ਮੇਰੇ ਹੀ ਬਾਪ ਦਾ
ਪਜਾਮਾ ਲੁਹਾ ਕੇ
ਉਸ ਦੇ ਕੱਛੇ ਦਾ ਰੰਗ ਦੇਖਣ ਦੀ
ਗੱਲ ਵੀ ਆਖਦਾ ਹੈ
ਮੈਂ ਬੇਸਮਝ
ਕੁਛ ਸਮੇਂ ਲਈ ਭੁੱਲ ਜਾਂਦਾ ਹਾਂ
ਕਿ ਸ਼ਰੀਕ ਸ਼ਰੀਕ ਹੀ ਹੁੰਦੇ ਨੇ।

ਤੇ ਇਹ ਸ਼ਰੀਕ ਤਾਂ ਹੈ ਵੀ ਸੱਜਰਾ
ਪਰ ਜਦੋਂ ਸਮਝ ਜਾਂਦਾ ਹਾਂ
ਤਾਂ ਕਾਲਜੇ ਦਾ ਰੁੱਗ
ਭਰਿਆ ਜਾਂਦਾ ਹੈ।

**ਰਾਜਿੰਦਰ ਸਿੰਘ ਸੇਖੋਂ**
**ਵਿਨੀਪੈਗ, ਕੈਨੇਡਾ**

## ਨਜ਼ਮ

### ਜਗਦੇਵ ਸਿੰਘ ਚਾਹਲ



## ਜੱਟ ਦੀ ਜੂਨ

ਬੰਨੇ ਉੱਤੇ ਜੱਟ ਸੀ
ਲਲਕਾਰੇ ਮਾਰਦਾ।
ਬਿਨਾਂ ਪੀਤੇ ਨਸ਼ਾ ਸੀ
ਫੁੰਕਾਰੇ ਮਾਰਦਾ।

ਜੱਟ ਕਹੇ ਚੱਕੀ ਜਾਣੀ
ਭੁੱਖ ਨੰਗ ਨੀਂ।
ਹਾੜੀ ਆਈ ਹੁਣ ਰਹਿਣਾਂ
ਹੱਥ ਤੰਗ ਨੀਂ ।

ਸੋਨੇ 'ਚ ਮੜਾਦੂੰ ਤੇਰੇ
ਚਿੱਟੇ ਦੰਦ ਨੀਂ।
ਐਤਕੀਂ ਬਣਾਂਦੂੰ ਤੈਨੂੰ ਗੁਲੂਬੰਦ ਨੀਂ।

ਬੰਨ ਲਈਂ ਭਾਵੇਂ
ਗਹਿਣਿਆਂ ਦੀ ਪੰਡ ਨੀਂ ।
ਜੱਟ ਦੇ ਵੀ ਸੀਨੇ ਫੇਰ
ਪਊ ਠੰਡ ਨੀਂ।

ਮਿੱਟੀ ਵਿੱਚ ਮਿੱਟੀ ਹੋ ਕੇ
ਜਾਨ ਤੋੜਦਾ ।
ਲੋਟੂਆਂ ਦੇ ਮੂਹਰੇ ਜਾ ਕੇ
ਹੱਥ ਜੋੜਦਾ।

ਚੜ੍ਹ ਗਿਆ ਧੱਕੇ
ਬਾਣੀਏ ਬਕਾਲਾਂ ਦੇ।
ਖਾਲੀ ਹੱਥ ਹੋਇਆ
ਵਾਂਗ ਸੀ ਕੰਗਾਲਾਂ ਦੇ ।
ਵਿਆਜ ਦਰ ਵਿਆਜ
ਲਾ ਕੇ ਛਿੱਲ ਲਾਹ ਲਈ ।
ਉਮਰਾਂ ਲਈ ਗਲ਼ 'ਚ
ਪੰਜਾਲ਼ੀ ਪਾ ਲਈ ।

ਪੁਸ਼ਤਾਂ ਲਈ ਹੋਇਆ
ਕਰਜ਼ਾਈ ਬੱਲਿਆ ।
ਲੁੱਟੀਂ ਜਾਂਦੇ ਤੇਰੀ
ਇਹ ਕਮਾਈ ਝੱਲਿਆ ।

ਭਰ ਕੇ ਟਰਾਲੀ
ਮੰਡੀ ਵਿੱਚ ਲੈ ਗਿਆ ।
ਬੋਲੀ ਹੋਈ ਖਾਸਾ ਚੰਗਾ
ਮੁੱਲ ਪੈ ਗਿਆ ।

ਵਹੀ ਖੋਲ੍ਹ ਦੱਸਿਆ
ਹਿਸਾਬ ਬਾਣੀਏ।
ਵਿਆਜ ਪੈਕੇ ਦੋ ਲੱਖ ਬਣ ਜਾਣੀਏ।

ਦੂਜੀ ਤੂੰ ਟਰਾਲੀ ਲੈ ਕੇ
ਆਈਂ ਕੱਲ੍ਹ ਨੂੰ ।
ਫੇਰ ਦੱਸੂ ਕਿੰਨਾਂ ਬਚਿਆ
ਤੇਰੇ ਵੱਲ ਨੂੰ ।

ਪੈਸਾ ਜਿੰਨਾ ਚਾਹੀਦਾ
ਕੋਈ ਸੰਗ ਨਾ ਕਰੀਂ ।
ਗੱਲ ਘਰ ਦੀ ਏ ਹੱਥ
ਤੰਗ ਨਾ ਕਰੀਂ।

ਖਾਲੀ ਹੱਥ ਸ਼ਾਮੀਂ ਜੱਟ
ਘਰ ਆ ਗਿਆ ।
ਡੱਬੋਂ ਕੱਢ ਸਾਰੀ ਬੋਤਲ
ਚੜ੍ਹਾ ਗਿਆ।

ਜੱਟੀ ਫ਼ੋਲੇ ਖੀਸਾ,
ਲੱਭੇ ਨੋਟ ਜੱਟ ਦੇ।
ਸੋਚੇ ਹੁਣ ਆਇਆ ਕੰਮ
ਲੋਟ ਜੱਟ ਦੇ ।

ਉੱਠ ਕੇ ਸਵੇਰੇ ਗਿਆ ਖੇਤ ਵੱਲ ਨੂੰ।
ਸ਼ਹਿਰ ਜਾ ਕੇ ਕਰੂੰਗਾ
ਹਿਸਾਬ ਕੱਲ ਨੂੰ।

ਵਹੀ ਖੋਲ ਮੂਹਰੇ ਬਾਣੀਆਂ
ਸੀ ਬਹਿ ਗਿਆ।
ਵਿਆਜ ਮੁੜ ਗਿਆ, ਬੱਸ ਮੂਲ ਰਹਿ
ਗਿਆ।


ਹੱਦ ਹੋਗੀ ਇਹਨਾਂ ਵੱਲੋਂ
ਚੱਕੀ ਅੱਤ ਦੀ।
ਰੱਬਾ ਤੂੰ ਬਣਾਈ ਕਾਹਤੋਂ
ਜੂਨ ਜੱਟ ਦੀ।

ਦੁਨੀਆ ਆਜ਼ਾਦ ਮੈਂ
ਗ਼ੁਲਾਮ ਹੋ ਗਿਆ।
ਚੈਨ ਨਾਲ ਜੀਣਾ ਵੀ
ਹਰਾਮ ਹੋ ਗਿਆ।

ਮੁੜ ਆਇਆ ਪਿੰਡ
ਖਾਲੀ ਹੱਥ ਝਾੜ ਕੇ।
ਨਵਾਂ ਖਾਤਾ ਖੋਲ ਕੇ
ਪੁਰਾਣਾ ਪਾੜ ਕੇ।

ਮੁੱਕੀ ਨਾ ਕਹਾਣੀ
ਫੇਰ ਪਾਈ ਜਾਊਗੀ ।
ਹਾੜ੍ਹੀ ਸਾਉਣੀ ਫੇਰ
ਦੁਹਰਾਈ ਜਾਊਗੀ ।

**ਜਗਦੇਵ ਸਿੰਘ ਚਾਹਲ**
**ਸਰੀ, ਕੈਨੇਡਾ**



ਨਜ਼ਮ

## ਨਿਰਮਲ ਸਿੱਧੂ



## ਅਣਖ ਤੇ ਜ਼ਿਦ

ਅੱਜ ਫਿਰ
ਅਣਖ ਤੇ ਜ਼ਿਦ
ਆਹਮੋ-ਸਾਹਮਣੇ ਡਟੇ ਨੇ।

ਲੱਗਦਾ ਏ
ਇੱਕ ਵਾਰੀ ਫਿਰ
ਕੁੰਢੀਆਂ ਦੇ ਸਿੰਗ ਫਸੇ ਨੇ।


ਸੰਘਰਸ਼ ਦੀ ਘੜੀ ਫਿਰ ਤੋਂ
ਬੂਹੇ ਤੇ ਆਣ ਖਲੋਤੀ ਏ।
ਹਾਰ ਜਿੱਤ ਤਾਂ ਪਤਾ ਨਹੀਂ
ਪਰ ਲੜਾਈ ਪੂਰੀ ਪੱਕੀ ਏ।
ਇਹ ਤਾਂ ਹੋਣਾ ਹੀ ਸੀ
ਜਦ ਵੀ ਹੰਕਾਰ ਦੇ ਸਾਹਮਣੇ
ਹੱਕ ਨੇ ਆਪਣਾ ਸਿਰ ਚੁੱਕਿਆ ਹੈ
ਹੰਕਾਰ ਨੇ ਪੂਰਾ ਤਾਣ ਲਾ ਕੇ
ਕੁਚਲਣ ਦਾ ਯਤਨ ਕੀਤਾ ਹੈ।

ਪਰ ਹੁਣ ਜੇਕਰ
ਹੰਕਾਰ ਨੂੰ
ਪਿੱਛੇ ਹਟਾਉਣਾ ਮੁਸ਼ਕਿਲ ਏ
ਤਾਂ ਦੂਜੇ ਪਾਸੇ
ਹੱਕ ਨੂੰ ਟਾਲਣਾ ਵੀ
ਓਨਾ ਹੀ ਔਖਾ ਏ।

ਇੱਕ ਗੱਲ ਹੋਰ
ਹੱਕ ਵੀ ਉਦੋਂ ਤੀਕ ਹੱਕ ਹੈ
ਜਦੋਂ ਤੀਕ ਉਸ ਨਾਲ ਸੱਚ ਹੈ।

ਇਸ ਲਈ
ਆਪਣੇ ਹੱਥਾਂ, ਪੈਰਾਂ ਤੇ ਜ਼ੁਬਾਨ ’ਤੇ
ਕਾਬੂ ਰੱਖਣਾ ਲਾਜ਼ਮੀ ਹੈ
ਤਾਂ ਜੋ ਮੰਜ਼ਿਲ ’ਤੇ
ਮਜ਼ਬੂਤ ਤੇ ਦਲੇਰ
ਕਦਮਾਂ ਨਾਲ
ਪਹੁੰਚਿਆ ਜਾ ਸਕੇ।

ਨਿਰਮਲ ਸਿੱਧੂ
ਟੋਰੰਟੋ, ਕੈਨੇਡਾ



## ਨਜ਼ਮ
### ਮੇਹਰ ਸਿੰਘ ਚੀਮਾ



ਹੱਥ ਪੌੜੀ ਦਾ ਆਖਰੀ ਡੰਡਾ
ਕੱਛ ਦੇ ਵਿੱਚ ਹੈ ਜਿੱਤ ਦਾ ਝੰਡਾ
ਕੋਠੇ ਚੜ੍ਹ ਲਹਿਰਾਵਾਂਗੇ।
ਰੱਖ ਹੌਂਸਲਾ ਰਹਿ ਚੁਕੰਨਾ
ਜਿੱਤ ਕੇ ਘਰ ਨੂੰ ਜਾਵਾਂਗੇ।

ਬਲ ਆਪਣੇ ਦੇ ਜ਼ੌਹਰ ਦਿਖਾਏ
ਤੋੜ ਕੇ ਰੋਕਾਂ ਦਿੱਲੀ ਆਏ
ਧੌਣ ’ਤੇ ਗੋਡਾ ਰੱਖ ਦਿੱਲੀ ਦੇ
ਆਪਣਾ ਹੱਕ ਲੈ ਜਾਵਾਂਗੇ

ਮਜ਼ਦੂਰ ਮੁਲਾਜ਼ਮ ਬਣੇ ਸਹਾਰਾ
ਕਿਸਾਨ ਏਕਤਾ ਭਾਈਚਾਰਾ
ਸਾਡੇ ਵਿੱਚ ਜੋ ਪਾੜੇ ਪਾਏ
ਅਸੀਂ ਉਹ ਮਿਟਾਵਾਂਗੇ।

ਬੜੇ ਸਿਆਣੇ ਆਗੂ ਸਾਰੇ
ਹੋਸ਼ ਜੋਸ਼ ਵਿੱਚ ਗੱਭਰੂ ਸਾਰੇ
ਮੇਹਰ ਸਿੰਹਾਂ ਜੇ ਲੋੜ ਪਈ ਤਾਂ
ਆਪਣੇ ਜ਼ੌਹਰ ਦਿਖਾਵਾਂਗੇ।
ਰੱਖ ਹੌਸਲਾ ਰਹੀਂ ਚੌਕੰਨਾ
ਜਿੱਤ ਕੇ ਘਰ ਨੂੰ ਜਾਵਾਂਗੇ

**ਮੇਹਰ ਸਿੰਘ ਚੀਮਾ**
**ਸਰੀ, ਕੈਨੇਡਾ**
**604 377 9450**

## ਨਜ਼ਮ
### ਸੰਜੀਵ ਆਹਲੂਵਾਲੀਆ



### ਸੰਘਰਸ਼ ਵਿੱਚ

ਅਸੀਂ ਸਾਰੇ ਹੀ ਖਾਸ ਹਾਂ।
ਅਸੀਂ ਸਾਰੇ ਹੀ ਸਾਧਾਰਨ ਹਾਂ।
ਅਸੀਂ ਸਾਰੇ ਹੀ ਅਕਾਊ ਹਾਂ।
ਅਸੀਂ ਸਾਰੇ ਹੀ ਰੋਚਕ ਹਾਂ।
ਅਸੀਂ ਸਾਰੇ ਹੀ ਸ਼ਰਮਾਕਲ ਹਾਂ।
ਅਸੀਂ ਸਾਰੇ ਹੀ ਆਊਟਗੋਇੰਗ ਹਾਂ।
ਅਸੀਂ ਸਾਰੇ ਹੀ ਡਰਪੋਕ ਹਾਂ।
ਅਸੀਂ ਸਾਰੇ ਹੀ ਬਹਾਦਰ ਹਾਂ।
ਕਿਸੇ ਦਿਨ ਅਸੀਂ ਹੀਰੋ ਹੁੰਦੇ ਹਾਂ।
ਤੇ ਅਗਲੇ ਦਿਨ ਖਲਨਾਇਕ।
ਅਸੀਂ ਕੀ ਉੱਭਰ ਕੇ
ਸਾਹਮਣੇ ਆਉਂਦੇ ਹਾਂ ?

ਬਸ ਉਸ ਦਿਨ ’ਤੇ ਹੀ
ਨਿਰਭਰ ਕਰਦਾ ਹੈ।

**ਡਾ. ਸੰਜੀਵ ਆਹਲੂਵਾਲੀਆ**
**ਵਿਕਟੋਰੀਆ ਬੀ. ਸੀ., ਕੈਨੇਡਾ**
**+1 (250) 881-4261**


## ਨਜ਼ਮ

### ਸ਼ਾਹਗੀਰ ਗਿੱਲ



ਸ਼ੁਕਰ ਹੈ ਰੱਬ਼ਾ ਤੂੰ ਸਾਨੂੰ ਇਨਸਾਨ
ਬਣਾਇਆ ਹੈ
ਹੋਰ ਵੀ ਸ਼ੁਕਰ ਹੈ ਤੂੰ ਸਾਨੂੰ ਕਿਰਸਾਨ
ਬਣਾਇਆ ਹੈ।
ਸਾਡੀਆਂ ਲਕੀਰਾਂ ’ਚ ਲਿਖ ਦਿੱਤਾ ਹੈ
ਹੱਕ ਦੀ ਕਮਾਉਣਾ
ਦੂਜਿਆਂ ਨੂੰ ਆਪਣੇ ਵਰਗਾ ਸਮਝਣਾ
ਸਿਖਾਇਆ ਹੈ।
ਕਿਸੇ ਦੀ ਤਾਂ ਕੀ ਖੋਹਣੀ ਹੈ ਆਪਣੀ
ਵੀ ਹੈ ਵੰਡ ਖਾਣੀ
ਹੱਕ ਮਾਰਨਾ ਨਹੀਂ ਹੱਕਾਂ ਦਾ ਤਾਂ
ਰਾਖਾ ਬਣਾਇਆ ਹੈ।
ਅੱਜ ਸੱਚ ਤੇ ਹੱਕ ਲਈ ਆ ਅੜੇ
ਹਾਂ ਹੁਕੂਮਤ ਅੱਗੇ
ਐਸਾ ਜਜ਼ਬਾ ਤਾਂ ਮਾਲਕਾ ਤੂੰ ਸਾਡੇ
ਲਹੂ ਵਿਚ ਪਾਇਆ ਹੈ ।
ਇਸ ਲਹੂ ਨਾਲ ਅੱਜ ਸਾਰੇ ਦੇਸ਼ ਦਾ
ਹੈ ਲਹੂ ਆਣ ਰਲਿਆ
ਦੇਸ਼ ਦੇ ਸਾਰੇ ਕਿਸਾਨਾਂ ਨੇ ਏਕਾ ਕਰ
ਵਿਖਾਇਆ ਹੈ ।
ਅਜ਼ਾਦੀ ਲੈਣ ਵੇਲੇ ਵੀ ਇਸ ਤਰ੍ਹਾਂ ਹੀ
ਇਕ ਹੋਏ ਸਨ ਸਾਰੇ
ਅੱਜ ਹਰ ਮਰਦ ਔਰਤ ਤੇ ਬੱਚੇ ਨੇ
ਆ ਹਿੱਸਾ ਪਾਇਆ ਹੈ ।
ਕਿਸਾਨੀ ਏਕੇ ਨੂੰ ਰੱਬ਼ ਜ਼ਰੂਰ ਫਤਿਹ
ਬਖ਼ਸ਼ੇਗਾ ਸ਼ੀਰ
ਹੱਕ ਸੱਚ ਲਈ ਸਭ ਨੇ ਆਪਸ ’ਚ
ਹੱਥ ਮਿਲਾਇਆ ਹੈ ।

ਸ਼ਾਹਗੀਰ ਗਿੱਲ
ਬ੍ਰਿਟਿਸ਼ ਕੋਲੰਬੀਆ, ਕੈਨੇਡਾ



# ਅਮਰੀਕਨ ਕਵੀ

## ਨਜ਼ਮ

### ਸੁਖਵਿੰਦਰ ਕੰਬੋਜ



### ਸੁੱਤਾ ਰਾਜਾ

ਓ ਨੀਂਦ ’ਚ ਸੁੱਤੇ ਰਾਜਿਆ
ਅਸੀਂ ਨਹੀਂ ਚਾਹੁੰਦੇ
ਤੂੰ ਸਾਡੇ ਨਾਲ ‘ਮਨ ਕੀ ਬਾਤ’ ਪਾਵੇਂ
ਅਸੀਂ ਤਾਂ ਚਾਹੁੰਦੇ ਹਾਂ ਕਿ ਤੂੰ ਜਾਣੇ
ਜੋ ਸਾਡੇ ਮਨ ਵਿਚ ਰਿੱਝਦਾ
ਜੋ ਰੋਹ ਦਾ ਗੁਬਾਰ ਹੈ
ਤੇ ਲੋੜਾਂ-ਥੁੜਾਂ ਤੇ ਔਕੜਾਂ ਵਿਚੋਂ
ਫਸਿਆ ਹੈ ਕਿਸਾਨ ਦਾ ਦਿਲ
ਫ਼ਸਲਾਂ ਦੇ ਭਾਅ ਤਾਂ ਪਹਿਲਾਂ ਹੀ
ਸੁੱਕ ਚੁੱਕੇ ਨੇ
ਜੇ ਨਹੀਂ ਸੁੱਕੇ
ਤਾਂ ਖ਼ਾਦ, ਡੀਜ਼ਲ ਤੇ ਕੀੜੇ ਮਾਰ
ਦਵਾਈਆਂ ਦੇ ਭਾਅ
ਤੇ ਹਰ ਫ਼ਸਲ ਬਾਦ
ਅਸੀਂ ਹੀ ਕਿਉਂ ਹੋਰ ਕਰਜ਼ਾਈ ਹੋ
ਰਹੇ ਹਾਂ
ਸਾਡੀ ਹੀ ਧੀ,
ਕਿਉਂ ਹਰ ਵਾਰ ਜ਼ਰੇ
ਘਸਮੈਲੇ ਸੂਟ ਦੀ ਛਿਲਤ
ਸਾਡੇ ਹੀ ਘਰਾਂ ’ਚ ਕਿਉਂ ਨੱਚਦਾ ਹੈ
ਕਰਜ਼ੇ ਦਾ ਫ਼ਨੀਅਰ
ਜਦੋਂ ਕਿ ਅੰਬਾਨੀ, ਅਡਾਨੀ ਤੇ
ਉਹਨਾਂ ਵਰਗਿਆਂ ਦੇ ਲਾਣੇ ਦਾ
ਹੋਰ ਉੱਚਾ ਹੋ ਰਿਹਾ ਹੈ
ਦੌਲਤ ਦਾ ਅੰਬਾਰ
ਅਸੀਂ ਦੌਲਤਾਂ ਦੇ ਉੱਚੇ ਪਰਬਤ
ਨਹੀਂ ਮੰਗਦੇ
ਅਸੀਂ ਤਾਂ ਚਾਹੁੰਦੇ ਹਾਂ
ਬੱਸ ਇਹ ਜ਼ਿੰਦਗੀ
ਇੱਜ਼ਤ ਮਾਣ ਨਾਲ ਜੀਵੀਏ
ਪਰ ਤੂੰ ਹਰ ਨਵੇਂ ਪਲ
ਸਾਡੇ ਪੈਰਾਂ ਹੇਠੋਂ
ਜ਼ਮੀਨ ਖਿੱਚਣ ਲਈ ਬਜ਼ਿੱਦ ਹੈਂ
ਤੈਨੂੰ ਯਾਦ ਹੋਣੈ ਰਾਜਿਆ
ਸਾਡੇ ਪੁਰਖਿਆਂ ਨੇ ਇਹ ਦਿੱਲੀ
ਅਠਾਰਾਂ ਵਾਰ ਜਿੱਤੀ ਸੀ
ਇਸ ਵਾਰ ਤਾਂ ਅਸੀਂ
ਦਿੱਲੀ ਫ਼ਤਿਹ ਕਰਨੀ ਹੈ
ਤੇ ਮੰਡੀਆਂ ਦੀ ਲੁੱਟ
ਹਮੇਸ਼ਾਂ ਲਈ ਖ਼ਤਮ ਕਰਨੀ ਹੈ
ਮੰਡੀਆਂ ਦੀ ਲੁੱਟ
ਹਮੇਸ਼ਾ ਲਈ ਖ਼ਤਮ ਕਰਨੀ ਹੈ।

**ਸੁਖਵਿੰਦਰ ਕੰਬੋਜ**
**ਕੈਲੇਫੋਰਨੀਆ, ਅਮਰੀਕਾ**

## ਗੀਤ
## ਸੁਰਜੀਤ ਕੌਰ ਸੈਕਰਾਮੈਂਟੋ



### ਕਿਰਸਾਨ ਮੋਰਚਾ ਜ਼ਿੰਦਾਬਾਦ

ਸੰਭਲ਼ ਸੰਭਲ਼ ਪੈਰ ਧਰਿਓ ਵੀਰਨੋ
ਸੁਖ ਆਵੇ ਦੁੱਖ ਆਵੇ ਜਰਿਓ ਵੀਰਨੋ

ਯਾਦ ਰੱਖੋ ਦਸਮੇਂ ਗੁਰੂ ਦੀਆਂ
ਦਲੇਰੀਆਂ
ਸਾਡੇ ਲਈ ਪੀੜਾਂ ਜਿਹਨੇ ਝੱਲੀਆਂ
ਬਥੇਰੀਆਂ
ਹੱਸ ਹੱਸ ਠੰਢ ਵਿੱਚ ਠਰਿਓ ਵੀਰਨੋ

ਜਦੋਂ ਗੱਲ ਬਾਤ ਲਈ ਬੁਲਾਵੇ
ਸਰਕਾਰ ਵੇ
ਆਪੋ ਵਿੱਚੀਂ ਬੈਠ ਪਹਿਲਾਂ ਕਰਿਓ
ਵਿਚਾਰ ਵੇ
ਕਦੀ ਨਾ ਥਿੜਕਿਓ ਨਾ ਡਰਿਓ
ਵੀਰਨੋ

ਪੀਓ ਜੇ ਨਾ ਚਾਹ ਤੇ ਨਾ ਖਾਇਓ
ਪਕਵਾਨ ਵੇ
ਸਾਹਮਣੇ ਨੇ ਬੰਦੇ ਬੇਈਮਾਨ ਤੇ
ਸ਼ੈਤਾਨ ਵੇ
ਨਜ਼ਰਾਂ ਮਿਲਾ ਕੇ ਗੱਲ ਕਰਿਓ ਵੀਰਨੋ

ਕਰਦੀ ਏ ਸਦਾ ਅਰਦਾਸ
'ਸੁਰਜੀਤ' ਵੇ
ਜਿੱਤਾਂ ਜਿੱਤ ਆਵੋ ਲਿਖਾਂ ਜਿੱਤਾਂ ਦੇ
ਮੈ ਗੀਤ ਵੇ
ਗੁਰੂ ਦਿਓ ਖ਼ਾਲਸ ਤੇ ਖਰਿਓ ਵੀਰਨੋ

### 2

ਮਿਲ ਕੇ ਰਹੋ ਕਿਰਸਾਨ ਵੀਰਿਓ
ਦੁਸ਼ਮਨ ਹੈ ਸ਼ੈਤਾਨ ਵੀਰਿਓ
ਜੋਸ਼ 'ਚ ਆ ਕੇ ਕੰਮ ਵਿਗੜਦੇ
ਰੱਖਿਓ ਪੂਰਾ ਧਿਆਨ ਵੀਰਿਓ

ਜੋ ਗੱਲ ਕਰਨੀ ਮਿਲ ਕੇ ਕਰਿਓ
ਬਣਕੇ ਸੁੱਘੜ ਸੁਜਾਨ ਵੀਰਿਓ
ਦੇਖ ਰਿਹਾ ਅੱਜ ਵੱਲ ਤੁਹਾਡੇ
ਸਾਰਾ ਜਗਤ ਜਹਾਨ ਵੀਰਿਓ

ਮੁਲਕ ਅਸਾਡਾ ਧਰਤ ਅਸਾਡੀ
ਸਾਡਾ ਹੈ ਅਸਮਾਨ ਵੀਰਿਓ
ਮੋਦੀ ਦੀ ਜਾਗੀਰ ਨਹੀਂ ਇੱਹ
ਸਾਡਾ ਏ ਹਿੰਦੁਸਤਾਨ ਵੀਰਿਓ

ਹੱਕ ਅਪਣਾ ਨਹੀਂ ਲੁੱਟਣ ਦੇਣਾ
ਅਣਖੀ ਤੇ ਬਲਵਾਨ ਵੀਰਿਓ
ਜੈ ਜਵਾਨ ਤੇ ਜੈ ਕਿਸਾਨ ਦੇ
ਝੁੱਲਦੇ ਰਹਿਣ ਨਿਸ਼ਾਨ ਵੀਰਿਓ

ਅਪਣਾ ਸਿੱਦਕ ਕਦੀ ਨਾ ਛੱਡਿਓ
ਯੋਧੇ ਤੁਸੀਂ ਮਹਾਨ ਵੀਰਿਓ
ਮੈਂ 'ਸੁਰਜੀਤ' ਕਰਾਂ ਅਰਦਾਸਾਂ
ਹੋਣ ਪੂਰੇ ਅਰਮਾਨ ਵੀਰਿਓ

**ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**
**ਅਮਰੀਕਾ**
**+(916)687-3536**

## ਨਜ਼ਮ

## ਚਰਨਜੀਤ ਸਿੰਘ ਪੰਨੂ



## ਕਿਰਸਾਨ ਪੰਜਾਬ ਦੇ

ਧਰਤੀ ਪੁੱਤਰ ਪਿਆਰੇ ਲੋਕ,
ਜਨਮ ਤੋਂ ਸੰਕਟ ਮਾਰੇ ਲੋਕ।
ਰੁੱਖੀ ਸੁੱਕੀ ਖਾ ਕੇ ਅਣਥੱਕ,
ਮਿਹਨਤ ਕਰਨ ਵਿਚਾਰੇ ਲੋਕ।

ਤੰਗੀ ਤੁਰਸ਼ੀ ਨਾਲ ਲੈ ਜੰਮੇ,
ਮੁਸ਼ਕਲ ਕਰਨ ਗੁਜ਼ਾਰੇ ਲੋਕ।
ਹੱਥ ਭੌਰੀਆਂ ਪੈਰ ਬਿਆਈਆਂ,
ਜੀਵਨ ਕੱਟਦੇ ਢਾਰੇ ਲੋਕ।

ਸੱਪਾਂ ਨਾਲ ਬਿਤਾਉਂਦੇ ਰਾਤਾਂ,
ਪਾਣੀ ਲਾਉਣ ਕਿਆਰੇ ਲੋਕ।
ਖ਼ੂਨ ਪਸੀਨਾ ਡੋਲ੍ਹਣ ਹਰਦਮ,
ਅੰਨ ਦੇ ਭਰਨ ਭੰਡਾਰੇ ਲੋਕ।

ਮੀਰ ਮਨੂ ਦੇ ਜਾਬਰ ਪੰਜੇ,
ਝੱਲ ਝੱਲ ਇਹ ਨਹੀਂ ਹਾਰੇ ਲੋਕ।
ਸਦੀਆਂ ਤਾਈਂ ਸ਼ੋਸ਼ਣ ਝੱਲਿਆ,
ਬਹਾਦਰ ਬੀਰ ਜੁਝਾਰੇ ਲੋਕ।

ਖ਼ੁਸ਼ਹਾਲ ਜੀਵਨ ਜਿਉਂਦੇ ਆਪਣਾ,
ਛੂੰਹਦੇ ਚੰਦ ਸਿਤਾਰੇ ਲੋਕ।
ਨਿਸ਼ਕਾਮ ਸੇਵਾ ਨੂੰ ਅਰਪਣ ਬੰਦੇ,
ਬੇਗ਼ਰਜ਼ ਪਰਉਪਕਾਰੇ ਲੋਕ।

ਰਾਜਭਾਗ ਦੀ ਨੀਯਤ ਖੋਟੀ,
ਮਜ਼ਲੂਮਾਂ ਤੇ ਕਹਿਰ ਗੁਜ਼ਾਰੇ ਲੋਕ।
ਮਾਲਕੀ ਹੱਕ ਕਿਸਾਨ ਦੇ ਖੋਹਕੇ,
ਧੰਨਵਾਨਾਂ ਨੂੰ ਆਭਾਰੇ ਲੋਕ।

ਕਿਸਾਨ ਮਾਰੂ ਕਾਨੂੰਨ ਠੋਸਤੇ,
ਹਕੂਮਤ ਵਿਚ ਹੰਕਾਰੇ ਲੋਕ।
ਰਾਜੇ ਸ਼ੀਂਹ ਮੁਕੱਦਮ ਕੁੱਤੇ,
ਵਿਸ਼ਵਾਸਘਾਤੀ ਇਹ ਸਾਰੇ ਲੋਕ।

ਹਜ਼ਾਰਾਂ ਟਰੈਕਟਰ ਚੜ੍ਹ ਪਏ ਦਿੱਲੀ,
ਰੋਹ ਭਰੇ ਅੰਗਾਰੇ ਲੋਕ।
ਕ੍ਰਾਂਤੀਕਾਰੀ ਝੰਡਾ ਚੁੱਕਿਆ,
ਚੜ੍ਹ ਪਏ ਲਸ਼ਕਰ ਭਾਰੇ ਲੋਕ।

ਰੱਦ ਕਰਾਉਣ ਦਾ ਦ੍ਰਿੜ ਇਰਾਦਾ,
ਲਾਈ ਚੋਟ ਨਗਾਰੇ ਲੋਕ।
ਆਪਣੇ ਉਚਿੱਤ ਹੱਕਾਂ ਖ਼ਾਤਰ,
ਸਟੇਟ ਤਾਈਂ ਲਲਕਾਰੇ ਲੋਕ।

ਅੜ ਗਏ ਦਿੱਲੀ ਦੇ ਦਰ ਮੂਹਰੇ,
ਹੱਕ ਸੱਚ ਦੇ ਵਣਜਾਰੇ ਲੋਕ।
ਚਾਰ ਚੁਫੇਰਿਓਂ ਪਹੁੰਚੀ ਕੁਮਕ,
ਹਾਕਮ ਤਾਈਂ ਵੰਗਾਰੇ ਲੋਕ।

ਜੱਦ ਜੱਦ ਲਾਡਲੀ ਫ਼ੌਜਾਂ ਚੜ੍ਹੀਆਂ,
ਆਸ਼ੇ ਤੋਂ ਨਹੀਂ ਹਾਰੇ ਲੋਕ।
ਰੱਦ ਕਰ ਲਓ ਕਾਨੂੰਨ ਕਾਲੇ ਪੰਨੂ,
ਲਾਉਂਦੇ ਖ਼ੂਬ ਜੈਕਾਰੇ ਲੋਕ।

**ਚਰਨਜੀਤ ਸਿੰਘ ਪੰਨੂ**
**ਅਮਰੀਕਾ**

## ਨਜ਼ਮ

ਬਲਦੇਵ ਬਾਵਾ



## ਬਾਜ ਦੀ ਚੁੰਝ

ਬਾਜ ਦੀ ਚੁੰਝ, ਸੱਪ ਦੀ ਦੁਸਾਂਘੀ
ਜੀਭ ਨੂੰ ਲੰਗਾਰਦੀ ਤੇ ਮੁੱਢੋਂ ਖਿੱਚ
ਤੋੜਦੀ,
ਕਲਮ ਦੀ ਨੋਕ, ਕਿਲ੍ਹਿਆਂ ਦੀਆਂ
ਨੀਂਹਾਂ ਮਘੋਰਦੀ ਤੇ ਕਾਲ਼ੇ ਪਾਣੀਆਂ
’ਚ ਰੋੜ੍ਹਦੀ।
ਲੁੱਚਿਆਂ ਨੇ ਰੱਬ ਡਰਾ ਲਿਆ, ਸੁੱਚੇ
ਜੂਠੇ ਕਰ ਕਰ ਛੱਡ ਦਿੱਤੇ,
ਦੈਂਤ ਗਲ਼ੀਆਂ ’ਚ ਵਾੜ ਦਿੱਤੇ, ਦੇਵਤੇ
ਜਿਉਂਦੇ ਹੀ ਦੱਬ ਦਿੱਤੇ,
ਦਿਨ ਤਾਂ ਰਾਜ-ਕਸਾਈ, ਬੁੱਕਲ਼ ਵਿੱਚ
ਛੁਰੀ ਲਈ ਫਿਰਦਾ,
ਰਾਤ ਮੁਖ਼ਬਰੀ ਲਈ ਪੈਗ਼ੰਬਰੀ ਚਾਦਰ
ਓੜਦੀ।
ਸ਼ੇਰ ਦੀਆਂ ਅੱਖਾਂ ’ਚ ਖ਼ੌਫ,
ਦਰਿਆਵਾਂ ਪਿੰਡੇ ਲਾਸਾਂ ਉੱਭਰੀਆਂ,
ਧੁੱਪ ਮੱਥੇ ਰੋੜ ਨੀਲਾ ਤੇ ਹਵਾਵਾਂ
ਬੇੜੀਆਂ ਵਿੱਚ ਜਕੜੀਆਂ,
ਬਾਗੀਂ ਛਿੜ ਜਾਣੇ ਬੁੱਲਿਆਂ ’ਤੇ
ਸੁਗੰਧੀਆਂ ਦੇ ਤਕਰਾਰ,
ਦੇਖ ਲੈਣਾ ਫੁੱਲਾਂ ’ਚੋਂ ਤ੍ਰੇਲ ਰੰਗ
ਨਚੋੜਦੀ।
ਸੀਲ ਢੱਗਿਆਂ ਵਾਂਗ ਟਾਂਗਰ ਚੱਬ,
ਜਿਨ੍ਹਾਂ ਤੁਹਾਡਾ ਭਾਰ ਢੋਹਿਆ,
ਤੁਸੀਂ, ਉਨ੍ਹਾਂ ਨੂੰ ਜਾਗਦਿਆਂ ਹੀ
ਨਹੀਂ, ਨੀਂਦਾਂ ਵਿਚ ਵੀ ਕੋਹਿਆ,
ਭਵਨਾਂ ਅੰਦਰ ਬਿਰਾਜਮਾਨ
ਲੱਕੜ-ਬੱਗਿਆਂ ਦੇ ਹਜੂਮ,
ਬਾਹਰ ਦਹਿਸ਼ਤ ਦੀ ਸੁੰਨ, ਫ਼ਰਿਆਦੀ
ਰੂਹ ਨੂੰ ਝੰਜੋੜਦੀ।
ਟੀਰੇ ਸੱਪ, ਅਜ਼ਾਦੀ ਦੀ ਮਰੀ ਹੋਈ
ਲਿਸ਼ਕ ਵਾਲੀ ਨਾਗਿਨ ਨੂੰ ਲਾਡ
ਕਰਦੇ,
ਉਹਦੇ ਠਰੇ ਹੋਏ ਸਾਹਵਾਂ ਨਾਲ਼
ਉੱਭਰਦੀ ਹਿੱਕ ਤੇ ਕਾਗ਼ਜ਼ ਦੇ ਫੁੱਲ
ਧਰਦੇ,
ਦੰਭ ਦੁੱਧ ਨਾਲ਼ ਧੋਈ ਜਾਂਦਾ ਸ਼ਹੀਦਾਂ
ਦੀ ਸਮਾਧ,
ਆਕੜ ਅਤਰ ਦੀਆਂ ਡਰੰਮੀਆਂ
ਨਾਲ਼ੀਆਂ ’ਚ ਡੋਲ੍ਹਦੀ।
ਇਹ ਜੁੱਗਾਂ ਜੁਗਾਂਤਰਾਂ ਦਾ ਸਤਾਇਆ
ਤੇ ਚਰੂੰਡਿਆ ਹੋਇਆ ਜੀਵ,
ਕਿਰਤ-ਛੁਰੀ ਨਾ’ ਆਪਣਾ ਪੇਟ
ਕੱਟਦਾ, ਇਹਦਾ ਕੋ ਨਾ ਦਸਤਗੀਰ,
ਏਹ ਢਲਿਆ ਲੋਹਾ ਪੀਣੇ, ਏਹ ਕਾਠ
ਚੱਬਣੇ ਦੀ ਮੁੱਠੀ ਹੀ
ਅੰਤ ਸੁਨਹਿਰੀ ਗੁੰਬਦਾਂ ਨੂੰ ਭੋਰਦੀ।
ਬਾਜ ਦੀ ਚੁੰਝ, ਸੱਪ ਦੀ ਦੁਸਾਂਘੀ
ਜੀਭ ਨੂੰ ਲੰਗਾਰਦੀ ਤੇ ਮੁੱਢੋਂ ਖਿੱਚ
ਤੋੜਦੀ,
ਕਲਮ ਦੀ ਨੋਕ, ਕਿਲ੍ਹਿਆਂ ਦੀਆਂ
ਨੀਂਹਾਂ ਮਘੋਰਦੀ ਤੇ ਕਾਲ਼ੇ ਪਾਣੀਆਂ
’ਚ ਰੋੜ੍ਹਦੀ।

ਬਲਦੇਵ ਬਾਵਾ
ਅਮਰੀਕਾ
+1(801) 703-6415

## ਗੀਤ

### ਹਰਜਿੰਦਰ ਕੰਗ



## ਸਿਰ ਪਾਟ ਗਿਆ ਪੰਜਾਬ ਦਾ

ਸਿਰ ਪਾਟ ਗਿਆ ਪੰਜਾਬ ਦਾ
ਕੋਈ ਆਣ ਬੰਨ੍ਹਾਵੇ ਪੱਟੀਆਂ।
ਮਾਰੋ ਹਾਕ ਹਕੀਮਾਂ ਹਾਕਮਾਂ
ਏਹਦੇ ਦਰਦ ਕਸੀਸਾਂ ਵੱਟੀਆਂ।

ਖ਼ੂਨ ਦੀ ਤਤੀਰੀ ਮੇਰੇ
ਮੱਥੇ ਵਿੱਚ ਵੱਜੀ ਏ।
ਯਾਦ ਬੀਤੇ ਵੇਲਿਆਂ ਦੀ
ਫੇਰ ਆਉਣ ਲੱਗੀ ਏ।

ਲਿਆ ਸੀ ਪੰਜਾਬ ਜਦੋਂ
ਮੱਲ ਮੁਗਲਾਣਿਆਂ।
ਮੰਨ ਲਈ ਸੀ ਈਨ ਜਦੋਂ
ਵਕਤਾਂ ਦੇ ਰਾਣਿਆਂ।
ਉਦੋਂ ਗਲ਼ੋਂ ਗੁਲਾਮੀ ਸੰਗਲੀਆਂ ਸੀ
ਹੌਂਸਲਿਆਂ ਨੇ ਕੱਟੀਆਂ।

ਭੰਨਿਆ ਸਰੀਰ ਏਹਦਾ
ਲੋਭ ਦੀਆਂ ਲਾਠੀਆਂ।
ਜਾਬਰਾਂ ਆਜ਼ਾਦ ਘੋੜੇ ਉੱਤੇ
ਪਾਈਆਂ ਕਾਠੀਆਂ।

ਹਿੱਲ ਹੀ ਨਾ ਜਾਣ ਕਿਤੇ
ਸਾਂਝਾਂ ਦੀਆਂ ਥੰਮੀਆਂ।
ਵਿਹੜੇ ਵਿੱਚ ਧੋਖੇ ਦੀਆਂ
ਧੂੜਾਂ ਪਈਆਂ ਜੰਮੀਆਂ।
ਕੀਤਾ ਜ਼ਖ਼ਮੀ ਘਰ ਦਿਆਂ ਭੇਤੀਆਂ
ਏਹਦੇ ਰੱਤ ਦੀਆਂ ਬੂੰਦਾਂ ਚੱਟੀਆਂ।

ਹੱਥਾਂ ’ਤੇ ਰੱਟਣ ਏਹਦੇ
ਪੈਰਾਂ’ ਚ ਬਿਆਈਆਂ ਨੇ।
ਚੌਧਰੀ ਚਲਾਕ ਚੋਰਾਂ
ਲੁੱਟੀਆਂ ਕਮਾਈਆਂ ਨੇ।

ਰੋਟੀ ਪਿੱਛੇ ਰੁਲ਼ੇ ਧੀਆਂ ਪੁੱਤ
ਪਰਦੇਸਾਂ ਵਿੱਚ।
ਪਿੰਡਾਂ ਨੂੰ ਪਰਤਣਾ ਵੀ ਰਿਹਾ
ਨਹੀਂਓ ਲੇਖਾਂ ਵਿੱਚ।
ਇਹਦੀਆਂ ਗਲ਼ੀਆਂ ਹੋਈਆਂ
ਸੁੰਨੀਆਂ ਤੇ ਲੁੱਟ ਪੁੱਟ
ਗਈਆਂ ਹੱਟੀਆਂ।

ਖ਼ੂਨ ਵਿੱਚੋਂ ਗੁਰੂ ਅੰਮ੍ਰਿਤ
ਬੋਲ ਪੈਣਾ ਏ।
ਕੱਢ ਕਿਰਪਾਨ ਨੂੰ ਮਿਆਨ
ਵਿੱਚੋਂ ਲੈਣਾ ਏ।
ਰੁਲਦੀ ਨਈਂ ਦੇਖ ਹੋਣੀ
ਪੱਤ ਪੰਜਾਬ ਦੀ।
ਡੁੱਲਣ ਨਈਂ ਦੇਣੀ ਪੁੱਤਾਂ
ਰੱਤ ਪੰਜਾਬ ਦੀ।
ਫਿਰ ਉੱਠਣੈਂ ਸਿੰਘਾਂ,ਭਗਤ
ਸਿੰਆਂ,ਸਰਦਾਰਾਂ ਦੁੱਲੇ ਭੱਟੀਆਂ।

ਉੱਠੂ ਪੰਜਾਬ ’ਕੰਗ’

ਐਡੀ ਕਿਹੜੀ ਗੱਲ ਏ।
ਦੇਗ ਤੇਗ ਫਤਿਹ ਵਾਲਾ
ਨਾਅਰਾ ਏਹਦੇ ਵੱਲ ਏ।

ਏਹਦੇ ਉੱਤੇ ਲਸ਼ਕਰ
ਚੜ੍ਹ ਚੜ੍ਹ ਆਏ ਨੇ।
ਆਕੀਆਂ ਨੂੰ ਏਹਨੇ ਚਨੇ
ਲੋਹੇ ਦੇ ਚਬਾਏ ਨੇ।
ਏਹਦੇ ਜੀਵਣ ਕਾਮੇ, ਲਾਲੇ, ਗੱਭਰੂ
ਜੀਵਣ ਜੱਟ ਤੇ ਜੱਟੀਆਂ।

## 2

ਰੋਕਣ ਨੂੰ ਸਰਕਾਰਾਂ ਲਾਇਆ
ਜ਼ੋਰ ਬਥੇਰਾ।
ਦੇਖ ਕਿਸਾਨਾਂ ਪਾ ਲਿਆ
ਦਿੱਲੀ ਨੂੰ ਘੇਰਾ।

ਪੱਥਰ,ਅੱਥਰੂ ਗੈਸ ਤੇ
ਬੈਰੀਕੇਡ ਵੀ ਤੋੜੇ।
ਹੂੰਝ ਹਾਂਝ ਕੇ ਰਾਹਾਂ ’ਚੋਂ
ਰਾਹਾਂ ਦੇ ਰੋੜੇ।
ਆਣ ਚੜ੍ਹੇ ਦਿੱਲੀ ਦੀ
ਹਿੱਕ ’ਤੇ ਲਾ ਲਿਆ ਡੇਰਾ।

ਹਉਮੈਂ ਛੱਡ ਕੇ ਕਰ ਲਿਆ
ਜੋ ਸਭ ਨੇ ਏਕਾ।
ਭੁੱਲ ਜਾਊ ਦਿੱਲੀ ਆਪਣਾ
ਹੁਣ ਸਹੁਰਾ ਪੇਕਾ।
ਤਾਨਾਸ਼ਾਹੀ ਚੁੱਕ ਲਊਗੀ
ਡੰਡਾ ਡੇਰਾ।

ਜਾਨ ਤਲੀ ’ਤੇ ਰੱਖ ਲਈ
ਖੇਤਾਂ ਦੇ ਪੁੱਤਾਂ।
ਬਦਲ ਦੇਣਗੇ ਦੇਖਿਓ
ਰੱਤ ਪੀਣੀਆਂ ਰੁੱਤਾਂ।
ਚਾਨਣ ਦੇ ਵਣਜਾਰਿਆਂ
ਕਰਨਾ ਦੂਰ ਹਨੇਰਾ।

ਪਿੰਡਾਂ ਦੇ ਪਿੰਡ ਉੱਠ ਪਏ
ਪੰਜਾਬ ਜਾਗਿਆ।
ਹਰ ਦਿਲ ਅੰਦਰ ਫਿਰ
ਨਾਨਕ ਦਾ ਖ਼ਾਬ ਜਾਗਿਆ।
ਬਾਣੀ ਦੇ ਬਾਣਾਂ ਨੇ
ਵਿੰਨ੍ਹਿਆ ਚਾਰ ਚੁਫੇਰਾ।

ਰੱਬ ’ਤੇ ਟੇਕਾਂ ਰੱਖਣ ਵਾਲੇ
ਰੱਬ ਦੇ ‘ਧੰਨੇ’।
ਲਾ ਕੇ ਛੱਡਣਗੇ ਹੁਣ
ਡੁੱਬਦਾ ਬੇੜਾ ਬੰਨੇ।
ਪਰਖੇ ਜਿੰਨਾ ਪਰਖਣਾ
ਹਾਕਮ ਨੇ ਜੇਰਾ।

ਚਿਰ ਪਿੱਛੋਂ ਪੰਜਾਬ’ ’ਚੋਂ
ਇਤਿਹਾਸ ਬੋਲਿਆ।
ਫੇਰ ਨਗਾਰਾ ਵੱਜਿਆ ਤੇ
ਤਖ਼ਤ ਡੋਲਿਆ।
‘ਕੰਗ’ ਸ਼ਹੀਦਾਂ ਫਿਰ ਜਿਵੇਂ
ਪਾਇਆ ਏ ਫੇਰਾ।

**ਹਰਜਿੰਦਰ ਕੰਗ**
**ਫਰਿਜਨੋ, ਅਮਰੀਕਾ**
**001 559 917 4890**

## ਨਜ਼ਮ/ਗੀਤ

### ਡਾ. ਗੁਰਬਖ਼ਸ਼ ਸਿੰਘ ਭੰਡਾਲ



### ਖੇਤ ਉਦਾਸ ਨੇ

ਸਿਆੜ ਤੋਂ ਸੜਕ ਵੱਲ ਨੂੰ
ਤੁਰ ਪਈ ਹੈ ਕਵਿਤਾ

ਪੁਲੀਆਂ ਦੇ ਕੰਢੇ ਬਣ ਗਏ
ਔਲੂ ਦਾ ਕਿਨਾਰਾ
ਜਿੱਥੇ ਸਦ ਸੋਚ ਦੀਆਂ ਸਲਾਹਾਂ ਹੁੰਦੀਆਂ

ਮੋੜਾਂ ’ਤੇ ਉੱਗ ਆਈਆਂ ਨੇ ਵੱਟਾਂ
ਜਿਹਨਾਂ ’ਤੇ ਮੌਲਦੀ ਏ
ਪੀਲੇ ਫੁੱਲਾਂ ਦੀ ਬਹਾਰ

ਚੁਰੱਸਤਿਆਂ ਵਿਚ ਉੱਗ ਆਏ ਨੇ ਖੇਤ
ਜੋ ਪੁੱਤਾਂ ਵਾਂਗ ਪਾਲੀ ਫ਼ਸਲ ਦਾ
ਦਰਦ ਬਣੇ ਬੈਠੇ ਨੇ

ਪਟੜੀਆਂ ਬਣ ਗਈਆਂ ਨੇ ਕਿਆਰੇ
ਜਿਹਨਾਂ ਦੇ ਹੌਕਿਆਂ ਨੂੰ
ਸੁਣਨ ਤੋਂ ਆਕੀ ਏ ਰਾਜ-ਦਰਬਾਰ

ਚੌਰਾਹਾ ਤਾਂ ਚੌਤਰਫ਼ੀ ਮਿਲਦੀਆਂ
ਆੜਾਂ
ਜਿਹਨਾਂ ’ਚ ਵਗਦੀ ਏ ਦਰਦ-ਕਹਾਣੀ
ਚਾਹੁੰਦੇ ਜੋ ਬਹਿਰੇ ਵਕਤ ਨੂੰ ਸੁਣਾਣੀ

ਇਹ ਕਵਿਤਾ
ਨਾਬਰੀ ਦੀ ਕਵਿਤਾ ਏ
ਲਿੱਲਕੜੀਆਂ ਦੀ ਲੇਰ ਨਹੀਂ
ਇਸਨੇ ਦਰਬਦਰ ਵੀ ਨਹੀਂ ਹੋਣਾ

ਵੇ ਵਕਤਾ
ਇਸਦੀ ਮੰਨ
ਅਤੇ ਪਲੋਸ ਕੇ
ਇਸਨੂੰ ਖੇਤਾਂ ਵੰਨੀਂ ਤੋਰ
ਕਿਉਂਕਿ
ਬਹੁਤ ਉਦਾਸ ਹੋ ਗਏ ਨੇ ਖੇਤ
ਇਹ ਸਿਆੜਾਂ ਵਿਚ ਜਾਵੇ
ਤੇ ਆਪਣਾ ਕਰਮ-ਧਰਮ ਨਿਭਾਵੇ

ਕਵਿਤਾ ਦੀ ਗ਼ੈਰ-ਹਾਜ਼ਰੀ ਵਿਚ
ਖੇਤਾਂ ਦੀ ਉਦਾਸੀ
ਮਰਸੀਆ ਨਹੀਂ ਬਣਨਾ ਚਾਹੁੰਦੀ।

### ਹਾਕਮਾਂ ਵੇ

ਬੇਕਿਰਕ ਹਾਕਮਾਂ ਵੇ
ਖ਼ਲਕਤ ਜਿਉਂਦੀ ਕਿਹੜੇ ਹਾਲੇ
ਚੁੱਲਿਆਂ ’ਚ ਘਾਹ ਉੱਗਿਆ
ਘਰ ਦੇ ਮੁੱਖੜੇ ’ਤੇ ਘਰਾਲਾਂ
ਇਹ ਵੱਸਦਾ ਉੱਜੜ ਗਿਆ
ਤੂੰ ਲੁੱਟਿਆ ਸੰਗ ਭਿਆਲਾਂ
ਦੇਖੀਂ ਉਡਦੀ ਖ਼ੇਹ ਬਣਨਾ
ਤੇਰੇ ਕੋਹਝੇ ਖ਼ਾਬ-ਖਿਆਲਾਂ।

ਬੇਦਰਦ ਹਾਕਮਾਂ ਵੇ
ਕਦੇ ਸੁਣ ਖੇਤਾਂ ਦੇ ਬੋਲ
ਸਿੱਟਿਆਂ ’ਚ ਸਿਸਕੀਆਂ ਨੇ
ਤੇ ਹੰਝੂਆਂ ਭਿੱਜੇ ਬੋਲ
ਖੇਤਾਂ ਦੇ ਰਾਣਿਆਂ ਦੀ
ਕਿਰਤ ਐਂਵੇਂ ਨਾ ਰੋਲ
ਫਿਰ ਹੱਥੀਂ ਦਿਤੀਆਂ ਤੂੰ
ਕੀਕੂੰ ਸਕਾਂਗੇ ਗੰਢਾਂ ਖੋਲ੍ਹ

ਬੇਰਹਿਮ ਹਾਕਮਾਂ ਵੇ

ਤੇਰੀ ਅੱਖੀਂ ਉਗਿਆ ਟੀਰ
ਸ਼ਾਂਤੀ ਤੇ ਸਬਰ ਸਾਹਵੇਂ
ਹਰਨਾ, ਜ਼ਬਰ ਅਖ਼ੀਰ
ਸੂਹੀ ਸੋਚ ਦੀ ਸਰਗਮ ’ਚ
ਸਦਾ ਜਿਉਂਦੀ ਰਹੇ ਜ਼ਮੀਰ
ਤੇ ਰੱਟਣਾਂ ਵਾਲੇ ਹੱਥਾਂ ਨੇ
ਕੇਰਾਂ ਘੜਨੀ ਖ਼ੁਦ ਤਕਦੀਰ।

ਬੇਸ਼ਰਮ ਹਾਕਮਾਂ ਵੇ
ਤੇਰੇ ਮਸਤਕ ਵਿਚ ਹਨੇਰ
ਕਿਉਂ ਨਜ਼ਰ ਨਾ ਆਉਂਦੀ ਆ
ਤੇਰੇ ਵਿਹੜੇ ਚੜ੍ਹੀ ਸਵੇਰ
ਮਨਾਂ ਦੇ ਸੁੰਨੇ ਖੇਤਾਂ ’ਚ
ਤਾਰੇ ਦਿੱਤੇ ਪੌਣਾਂ ਕੇਰ
ਹੱਕਾਂ ਵਾਲਿਆਂ ਹੱਕ ਲੈਣੇ
ਭਾਵੇਂ ਹੋ ਜੇ ਦੇਰ ਅਵੇਰ।

ਨਾ-ਸ਼ੁਕਰੇ ਹਾਕਮਾਂ ਵੇ
ਕਾਹਤੋਂ ਸੁੱਕਣੇ ਪਾਈਆਂ ਛਾਵਾਂ
ਅੰਬਰ ਬਣੀਆਂ ਪੁੱਤਾਂ ਲਈ
ਮੰਨਤਾਂ ਵਰਗੀਆਂ ਮਾਵਾਂ
ਦੀਵਿਆਂ ਦੀਆਂ ਡਾਰਾਂ ਇਹ
ਤਖ਼ਤ ਨੂੰ ਜਾਂਦੀਆਂ ਰਾਹਵਾਂ
ਤੇ ਜ਼ਿੰਦਗੀ ਦੇ ਕਾਫ਼ਲਿਆਂ ਨੇ
ਬਣਨਾ ਸੂਰਜਾਂ ਦਾ ਸਿਰਨਾਵਾਂ।

## ਨਾਨਕ ਦਾ ਹਲ਼

ਕਰਤਾਰਪੁਰ ਦੇ ਖੇਤਾਂ ਵਿਚ ਵੱਗਦਾ
ਬਾਬੇ ਨਾਨਕ ਦਾ ਹਲ
ਮਨ-ਮਿੱਟੀ ਦੀ ਜ਼ਰਖੇਜ਼ਤਾ ਟੋਹ
ਸ਼ਬਦ-ਜੋਤ ਬੀਜਦਾ
ਕਿਰਤ ਦਾ ਮਾਣ ਬਿਖੇਰਦਾ ਸੀ।

ਬਾਬੇ ਦਾ ਹਲ਼
ਕਦੇ ਚੜ੍ਹਦੇ ਵੰਨੀਂ ਜਾਂਦਾ
ਤੇ ਫਿਰ ਲਹਿੰਦੇ ਵੰਨੀਂ ਪਰਤਦਾ
ਨਹੀਂ ਸਨ ਹੱਦਾਂ-ਸਰਹੱਦਾਂ
ਤੇ ਕੱਟੜਤਾ ਦੀਆਂ ਵਲਗਣਾਂ

ਨਾਨਕ ਦੇ ਹਲ਼ ਨਾਲ
ਮਿੱਟਦੀਆਂ ਸਨ ਜਾਤ-ਪਾਤ ਦੀਆਂ
ਵੱਟਾਂ
ਤੇ ਬੋਹਲ਼ ਦੇ ਦਸਵੰਧ ਨਾਲ
ਚੱਲਦਾ ਸੀ ਲੰਗਰ ਦਾ ਪ੍ਰਵਾਹ।

ਜੋਗ ਦੀਆਂ ਟੱਲੀਆਂ ਨਾਲ
ਗੂੰਜਦਾ ਸੀ ਫ਼ਿਜ਼ਾ ਵਿਚ
ਕਿਰਤ ਦਾ ਹੋਕਰਾ
ਸੱਚ ਦੀ ਸੱਦ
ਤੇ ਅਨਿਆਂ ਵਿਰੁੱਧ ਬੁਲੰਦਗੀ।

ਹਲ ਵਾਹੁੰਦਿਆਂ
ਨਾਨਕ ਹਾਲ਼ੀ ਦੇ ਪ੍ਰਵਚਨਾਂ ’ਚੋਂ
ਪ੍ਰਕਾਸ਼ਮਾਨ ਹੁੰਦਾ ਸੀ
‘ਸੁਰਤਿ ਮਤਿ ਬੁਧਿ ਪਰਗਾਸੁ’

ਵਕਤ ਦੀ ਚਾਲ ਨਾਲ
ਕੋਹਝੀਆਂ ਕਰਵਟਾਂ ਨੇ
ਤਹਿਜ਼ੀਬ ਦੀ ਹਿੱਕ ’ਚ
ਬੀਜ ਦਿੱਤੇ ਸਨ
ਕੁਝ ਸ਼ੱਕ ਤੇ ਭਰਮ-ਭੁਲੇਖੇ

ਪਰ ਹੁਣ
ਦਿੱਲੀ ਦੇ ਧੁੰਧਲਕੇ ’ਚ ਉੱਗਿਆ
ਸੂਰਜ ਹੀ ਤਾਂ ਹੈ
ਲੋਕ ਮਨਾਂ ਵਿਚ
ਨਾਨਕ ਦੇ ਹਲ ਦਾ ਜੋਤਰਾ।

**ਡਾ: ਗੁਰਬਖ਼ਸ਼ ਸਿੰਘ ਭੰਡਾਲ**
**ਕਲੀਵਲੈਂਡ, ਅਮਰੀਕਾ**

## ਨਜ਼ਮ

ਹਰਵਿੰਦਰ ਰਿਆੜ



## ਸੌਂ ਜਾ ਪੁੱਤ

ਸੌਂ ਜਾ ਪੁੱਤ
ਤੇਰੀ ਧਰਤ
ਕੋਈ ਨਹੀਂ ਖੋਹ ਸਕਦਾ

ਸੌਂ ਜਾ ਮੇਰੇ ਪੁੱਤ ਸੌਂ ਜਾ
ਹੁਣ ਆਪਾਂ ਖੇਤਾਂ ਵਿਚ
ਹਲ਼ ਤੇ ਬੰਦੂਕਾਂ ਬੀਜਾਂਗੇ।
ਸ਼ਾਇਦ ਖੇਤ ਹੜੱਪਣ ਵਾਲੇ
ਸਾਡੀ ਇਹ ਫਸਲ ਨਾ ਖ਼ਰੀਦ ਸਕਣ
ਪਰ
ਵਾਅਦਾ ਕਰਦਾਂ ਕਿ...
ਤੇਰੀ ਮਾਂ ਦਾ
ਇਹਨਾਂ ਫਸਲਾਂ ’ਤੇ ਵੀ
ਭੱਤਾ ਲੈ ਕੇ ਆਉਣਾ
ਉਵੇਂ ਜਾਰੀ ਰਹੇਗਾ,
ਜਿਵੇਂ ਸੋਨੇ ਰੰਗੀ ਕਣਕ ਤੇ
ਚੌਲਾਂ ਦੀ ਝੂਮਰ ’ਤੇ

ਫ਼ਿਕਰ ਨਾ ਕਰ ਪੁੱਤ...
ਤੇਰੀ ਭੈਣ ਨੂੰ
ਦਾਜ ਦੇ ਵਿਚ ਨਾਅਰਾ ਦਿਆਂਗੇ
ਜੋ ਉਸਦਾ ਸਹਾਰਾ ਨਹੀਂ,
ਸਗੋਂ ਹੋਂਦ ਤੇ ਸੱਚ ਬਣ ਸਕੇ

ਸੌਂ ਜਾ ਮੇਰੇ ਪੁੱਤ,
ਇਸ ਸਭ ਕਾਸੇ ਨਾਲ
ਸਾਡੀ ਅਗਲੀ ਫ਼ਸਲ
ਪਾਟੇ ਟਾਇਰ ਨਾਲ
ਜਾਂ ਰੂੜੀ ਤੇ ਨਹੀਂ ਖੇਡੇਗੀ
ਸਗੋਂ ਪੈੱਨ ਦੀ ਨਿੱਬ ’ਚੋਂ
ਰੌਸ਼ਨੀ ਪੈਦਾ ਕਰੇਗੀ
ਜੋ ਤੇਰੀ ਭੈਣ ਦਾ ਨਾਅਰਾ ਬਣੇਗੀ

ਪਰ
ਮੇਰੀ ਕੌਮ ਦੀ ਅਗਲੀ ਫ਼ਸਲ ਦੇ
ਦੀਦਿਆਂ ਵਿਚ ਸਾਡੇ ਕੁੜਤੇ,
ਪਜਾਮੇ, ਪਾਟੀ ਚੁੰਨੀ
ਤੇ ਚੀਥੜੇ ਹੋਈ ਪੱਗ ਦਾ ਅਹਿਸਾਸ
ਜ਼ਰੂਰ ਹੋਵੇਗਾ,
ਜੋ ਲੋਹੇ ਨੂੰ ਸੋਨਾ ਬਣਾਏਗਾ।
ਸੌਂ ਜਾ ਪੁੱਤ ਸੌਂ ਜਾ
ਤੇਰੀ ਧਰਤ
ਕੋਈ ਚੋਰੀ ਨਹੀਂ ਕਰ ਸਕਦਾ

ਹਰਵਿੰਦਰ ਰਿਆੜ
ਨਿਊ ਜਰਸੀ, ਅਮਰੀਕਾ
+1 (347) 260-9090

## ਨਜ਼ਮ

ਨਕਸ਼ਦੀਪ ਪੰਜਕੋਹਾ



### ਅੰਨ੍ਹੀ ਤਾਕਤ ਦੀ ਹਾਰ

ਕੁਰਸੀ
ਜਿਸ ਨਾਲ ਬੰਨ੍ਹੀ ਹੋਈ
ਅੰਨ੍ਹੀ ਤਾਕਤ
ਉਹ ਬੜੀ ਜ਼ਾਲਮ
ਬਣ ਜਾਇਆ ਕਰਦੀ ਏ ਕਦੇ ਕਦੇ!
ਚੜ੍ਹ ਆਏ ਪਾਣੀ ਅੱਗੇ
ਤਾਕਤ ਦੀਆਂ ਦੀਵਾਰਾਂ
ਉਸਾਰਕੇ ਝੂਠ ਦੇ ਸੰਗਲ
ਪਾਇਆ ਕਰਦੀ ਏ ਕਦੇ ਕਦੇ।

ਪਾਗਲਾਂ ਵਾਂਗ,
ਜਿਸ ਟਾਹਣੀ ਤੇ ਆ ਬੈਠੀ
ਬੇਸਮਝ, ਉਹ ਬੜੀ ਜ਼ਾਲਮ
ਬਣ ਜਾਇਆ ਕਰਦੀ ਏ ਕਦੇ ਕਦੇ।

ਭਲਾ ਦੱਸੋ ਮੌਨਸੂਨ ਦੀਆਂ
ਬੌਛਾੜਾਂ ਅੱਗੇ,
ਕੀ ਕਰਨਗੀਆਂ
ਪਈਆਂ ਰੇਤ ਦੀਆਂ ਤਰਪਾਲਾਂ
ਪੰਜ ਇੰਚ 'ਤੇ ਉੱਸਰੇ
ਬੇਗ਼ਰਜ਼ਾਂ ਦੇ ਮਹਿਲ ਜਿਹੇ,
ਕਿਵੇਂ ਰਹਿ ਸਕਦੇ ਨੇ
ਅੱਗੇ ਧਰਤੀ ਹਿਲਾਉਂਦੇ ਭੁਚਾਲਾਂ

ਤਾਕਤ ਤੁਹਾਡੀ ਏ
ਕਿਉਂ ਸਾਡੇ ਤੇ ਵਰਤੋ ਨਾਜਾਇਜ਼
ਇੰਝ ਦੀ ਕਰਤੂਤ
ਲੋਕਾਂ ਨੂੰ ਜਗਾਇਆ
ਕਰਦੀ ਏ ਕਦੇ ਕਦੇ !
ਕੁਰਸੀ ਜਿਸ ਨਾਲ ਬੰਨ੍ਹੀ ਹੋਈ
ਅੰਨ੍ਹੀ ਤਾਕਤ,
ਉਹ ਬੜੀ ਜ਼ਾਲਮ
ਬਣ ਜਾਇਆ ਕਰਦੀ ਏ ਕਦੇ ਕਦੇ।

ਬਹੁਗਿਣਤੀ ਜੇ ਦਬਾਅ ਦੇਵੇ
ਘੱਟ ਗਿਣਤੀ ਨੂੰ,
ਲੋਕਤੰਤਰ ਕਰ ਜਾਂਦਾ ਹੈ
ਫੇਰ ਚੁੱਪ-ਚਾਪ ਹੀ ਖੁਦਕੁਸ਼ੀ ,
ਮੰਡੀਆਂ ਵਿੱਚ ਨਿਲਾਮ ਕਰ ਦੇਣਗੇ
ਜੇ ਰਹੇ ਚੁੱਪ ਸਾਥੀਓ,
ਨਾ ਵਧਾਉਣਾ ਹੌਂਸਲਾ
ਉਨ੍ਹਾ ਰਾਹੀਂ ਆਪਣੀ ਹੀ ਬੇਵਸੀ !
ਫੁੱਲ ਤਾਂ ਹਲਕੇ ਹੁੰਦੇ ਹਨ
ਕੂੜਾ ਕਰਕਟ ਤੋਂ ਹਮੇਸ਼ਾ,
ਨਾ ਰੱਖੀ ਸੰਭਾਲ ਨਕਸ਼ਦੀਪ
ਹਵਾ ਉਡਾਇਆ ਕਰਦੀ ਏ
ਕਦੇ ਕਦੇ,
ਕੁਰਸੀ
ਜਿਸ ਨਾਲ ਬੰਨ੍ਹੀ ਹੋਈ ਅੰਨ੍ਹੀ ਤਾਕਤ,
ਉਹ ਬੜੀ ਜ਼ਾਲਮ
ਬਣ ਜਾਇਆ ਕਰਦੀ ਏ ਕਦੇ ਕਦੇ।

ਨਕਸ਼ਦੀਪ ਪੰਜਕੋਹਾ
ਅਮਰੀਕਾ
8146910997
gsnakshdeeppanjkoha@
gmail.com

## ਗੀਤ

### ਇਕਵਿੰਦਰ ਸਿੰਘ



## ਗੀਤ


ਦਿੱਲੀਏ ਨੀ ਦਿੱਲੀਏ
ਦਿੱਲੀਏ ਨੀ ਦਿੱਲੀਏ

ਸੁਣਿਆ ਤਬੀਅਤ ਤੇਰੀ
ਅੱਜਕੱਲ੍ਹ ਢਿੱਲੀ ਏ
ਆਈਆਂ ਤੇਰੇ ਵਾਸਤੇ
ਪੰਜਾਬ ਤੋਂ ਨੇ ਪਿੰਨੀਆਂ,
ਖਾ ਲੈ ਤੇਰੇ ਕੋਲੋਂ
ਖਾ ਹੁੰਦੀਆਂ ਨੇ ਜਿੰਨੀਆਂ,
ਦੇਖ ਲੈ ਕਿਸਾਨਾਂ ਨੇ
ਹੁਣ ਦੱਬ ਦਿੱਤੀ ਕਿੱਲੀ ਏ
ਦਿੱਲੀਏ ਨੀ ਦਿੱਲੀਏ
ਦਿੱਲੀਏ ਨੀ ਦਿੱਲੀਏ

ਐਨੇ ਤੂੰ ਕਿਸਾਨ ਕਦੇ
ਪਹਿਲਾਂ ਨਹੀਂਓ ਦੇਖੇ ਹੋਣੇ,
ਐਨੇ ਮਹਿਮਾਨ ਕਦੇ
ਪਹਿਲਾਂ ਨਹੀਂਓ ਦੇਖੇ ਹੋਣੇ,
ਸਾਰੇ ਜੱਗ ਵਿੱਚ ਤੇਰੀ
ਉੱਡੀ ਬਹੁਤ ਖਿੱਲੀ ਏ
ਦਿੱਲੀਏ ਨੀ ਦਿੱਲੀਏ
ਦਿੱਲੀਏ ਨੀ ਦਿੱਲੀਏ


ਛੱਡ ਕੇ ਤੂੰ ਜ਼ਿਦ
ਮੰਗਾਂ ਮੰਨ ਲੈ ਤੂੰ ਸਾਰੀਆਂ
ਫੇਰ ਖਿੜ ਲੈਣ ਦੇ ਤੂੰ
ਫੁੱਲਾਂ ਦੀਆਂ ਕਿਆਰੀਆਂ
ਹੋਈ ਪਈ ਅੱਖਰਾਂ ਦੀ
ਹਰ ਅੱਖ ਸਿੱਲੀ ਏ
ਦਿੱਲੀਏ ਨੀ ਦਿੱਲੀਏ
ਦਿੱਲੀਏ ਨੀ ਦਿੱਲੀਏ

**ਇਕਵਿੰਦਰ ਸਿੰਘ**
**ਕੈਲੇਫੋਰਨੀਆ, ਅਮਰੀਕਾ**
**+1 (530) 315-9207**



## .ਗਜ਼ਲ

## ਅਬਦੁਲ ਕਰੀਮ ਕੁਦਸੀ



## ਦਿੱਲੀ ਵਾਲਿਓ ਹੱਸ ਕੇ ਬੋਲੋ

ਲੰਬੜਦਾਰਾਂ ਚੌਧਰੀਆਂ ਨਾਲ
ਕਲਗੀ ਵਾਲੇ ਖਾਨਾਂ ਨਾਲ।
ਕੱਲ ਵੀ ਅਸੀਂ ਕਿਸਾਨਾਂ ਨਾਲ ਸੀ
ਅੱਜ ਵੀ ਅਸੀਂ ਕਿਸਾਨਾਂ ਨਾਲ।


ਸੱਤਰ ਅੱਸੀ ਸਾਲ ਤੋਂ ਲੈ ਕੇ
ਇੱਕ ਸਾਲ ਦੇ ਬੱਚੇ ਤੱਕ,
ਅੰਦੋਲਨ ਵਿੱਚ ਬੈਠੀਆਂ
ਮਾਵਾਂ ਧੀਆਂ ਭੈਣਾਂ ਸ਼ਾਨਾਂ ਨਾਲ।


ਮੁਸਲਿਮ ਸਿੱਖ ਈਸਾਈ ਰਲ ਕੇ
ਪੈੜਾਂ ਕਰਦੇ ਜਾਂਦੇ ਨੇ,
ਅੰਨਦਾਤੇ ਭੁੱਖ਼ ਹੜਤਾਲਾਂ ਤੇ
ਖੇਡਣ ਆਪਣੀਆਂ ਜਾਨਾਂ ਨਾਲ।

ਡਾਂਗਾਂ, ਸੋਟੇ, ਚਾਕੂ, ਛੁਰੀਆਂ
ਨਾ ਤਲਵਾਰਾਂ ਆਪਣੇ ਕੋਲ,
ਅਸਾਂ ਨੇ ਜੰਗ ਫ਼ਤਹਿ ਕਰਨੀ
ਅਰਦਾਸ ਦੇ ਤੀਰ ਕਮਾਨਾਂ ਨਾਲ।

ਕੁੱਝ ਨਹੀ ਮੰਗਦੇ ਥੋਡੇ ਕੋਲੋਂ
ਇਹ ਅੰਨਦਾਤੇ ਦੁਨੀਆ ਦੇ,
ਦਿੱਲੀ ਵਾਲਿਓ ਹੱਸ ਕੇ ਬੋਲੋ
ਘਰ ਆਏ ਮਹਿਮਾਨਾਂ ਨਾਲ।

ਅਬਦੁਲ ਕਰੀਮ ਕੁਦਸੀ
ਅਮਰੀਕਾ
+1 (540) 388-7948



## .ਗ਼ਜ਼ਲ

ਸੁਰਜੀਤ ਸਖੀ



## .ਗ਼ਜ਼ਲ

ਬਾਗਾਂ ਦੇ ਮਾਲੀਆਂ ਨੇ,
ਬਹਿ ਬਹਿ ਕੇ ਹੱਥ ਮਲਣੇ।
ਜਿਸ ਦਿਨ ਹਨ੍ਹੇਰ ਪਾਇਆ,
ਐਨੀ ਉਥਲ ਪੁਥਲ ਨੇ।

ਧਰਤੀ ਦੇ ਨਾਲ ਬੱਝੀ,
ਵਿਰਸੇ ਦੀ ਡੋਰ ਕੰਬੀ,
ਜਾਬਰ ਨੇ ਪਾਏ ਵੇਖੋ,
ਕਿੰਨੇ ਕੁ ਨਾਗ ਵਲ ਨੇ।

ਲੱਗਦਾ ਪਿਐ ਨਿਰੰਤਰ,
ਸ਼ਾਹੀ ਨਹਿਰ ਦਾ ਪਾਣੀ,
ਇੱਕ ਦਮ ਜਵਾਨ ਹੋਣੈ,
ਇਸ ਜ਼ਹਿਰ ਦੀ ਫ਼ਸਲ ਨੇ।

ਪੌਣਾਂ ਨੂੰ ਕੈਦ ਕਰਕੇ,
ਉਹ ਸੋਚਦਾ ਹੈ ਸ਼ਾਇਦ,
ਮੇਰੇ ਕਹੇ ਬਿਨਾ ਹੁਣ,
ਮੌਸਮ ਨਹੀਂ ਬਦਲਣੇ।

ਆਉ ਕਿ ਰਲ ਕੇ ਕਰੀਏ,
ਸਦੀਆਂ ਦਾ ਲੇਖਾ ਜੋਖਾ,
ਅੱਜ ਦਾ ਹਿਸਾਬ ਮੰਗਣੈ,
ਫ਼ਿਰ, ਔਣ ਵਾਲੇ ਕੱਲ੍ਹ ਨੇ।

## .ਗ਼ਜ਼ਲ

ਬੇਚੈਨ ਪਾਣੀਆਂ ’ਚ
ਇਵੇਂ ਖ਼ਲਬਲੀ ਰਹੇ।
ਹੋਵੇ ਨਾ ਹੋਵੇ ਫ਼ੈਸਲਾ,
ਗੱਲ ਤਾਂ ਚੱਲੀ ਰਹੇ।

ਹਉਮੈਂ ਤੇਰੀ ਦਾ ਜ਼ਿਕਰ ਜੇ,
ਹੋਵੇ ਨਗਰ ਨਗਰ,
ਸਾਡੇ ਸਬਰ ਦੀ ਬਾਤ ਵੀ,
ਗਲੀਉਂ ਗਲੀ ਰਹੇ।

ਇਸ ਪ੍ਰੇਮ ਦੀ ਗਲੀ ’ਚ
ਸਿਰ ਭੇਟਾ ਚੜ੍ਹਾਉਣ ਲਈ,
ਜਿਸ ਦਾ ਵੀ ਹੋਵੇ ਸੀਸ,
ਉਸੇ ਦੀ ਤਲੀ ਰਹੇ।

ਕਰ ਦੇਣ, ਭਾਵੇਂ ਰਾਤ,
ਕੁਝ ਲੰਬੀ ਹਨ੍ਹੇਰੀਆਂ,
ਸੰਭਵ ਨਹੀਂ ਸਵੇਰ,
ਹਮੇਸ਼ਾ ਟਲੀ ਰਹੇ।

ਬੋਲਾਂ ’ਚ, ਮਨ ’ਚ ਸੋਚ ਵਿੱਚ,
ਸੂਰਜ ਚਮਕਦੇ ਰਹਿਣ,
ਜੇ ਚਿਹਰਿਆਂ ’ਤੇ ਸ਼ਾਮ ਢਲੇ,
ਤਾਂ ਢਲੀ ਰਹੇ।

ਸੁਰਜੀਤ ਸਖੀ
ਅਮਰੀਕਾ
+1(408)791-7918

## ਨਜ਼ਮ

## ਕਰਮ ਲੁਧਿਆਣਵੀ



### ਕਿਓਂਕਿ ਮੈਂ ਕਿਸਾਨ ਹਾਂ

ਪਹਿਲਾਂ ਉਨ੍ਹਾਂ ਲਾਏ ਜੈ ਕਿਸਾਨ ਦੇ
ਨਾਅਰੇ
ਮੈਂ ਜੈਕਾਰੇ ਲਾਏ, ਹਲ਼ ਜੋੜਿਆ
ਤੜਕੇ
ਕਿਓਂਕਿ ਮੈਂ ਕਿਸਾਨ ਹਾਂ

ਫਿਰ ਉਨ੍ਹਾਂ ਲਾਏ ਜੈ ਜਵਾਨ ਦੇ
ਨਾਅਰੇ
ਮੈਂ ਹਲ਼ ਛੱਡਿਆ, ਮੋਢੇ ਬੰਦੂਕ ਫੜਕੇ
ਕਿਓਂਕਿ ਮੈਂ ਜਵਾਨ ਹਾਂ

ਫਿਰ ਉਹ ਆਏ ਮੈਨੂੰ ਵੇਚਣ ਮਸ਼ੀਨਾਂ
ਮੈਂ ਅੰਗੂਠੇ ਲਾਏ, ਧੱਕੇ ਚੜ੍ਹ ਕੇ
ਕਿਓਂਕਿ ਮੈਂ ਨਾਦਾਨ ਹਾਂ

ਫਿਰ ਉਹ ਆਏ ਬਣ ਫਸਲਾਂ ਦੇ
ਲੁਟੇਰੇ
ਮੈਂ ਲੁਟਾਂਦਾ ਰਿਹਾ, ਬੋਲੀ ਚੜ੍ਹ ਕੇ
ਕਿਓਂਕਿ ਮੈਂ ਨਾਦਾਨ ਹਾਂ

ਫਿਰ ਉਹ ਆਏ ਮੇਰਾ ਕਸਣ ਤੰਦੂਆ
ਮੈਂ ਸਹਿੰਦਾ ਗਿਆ, ਜ਼ੁਬਾਨ ਨੂੰ ਫੜਕੇ
ਕਿਓਂਕਿ ਮੈਂ ਬੇਜ਼ੁਬਾਨ ਹਾਂ

ਹੁਣ ਉਹ ਆਏ ਮੇਰੇ ਖੋਹਣ ਖਲਵਾੜੇ
ਮੇਰਾ ਤੰਦੂਆ ਟੁੱਟਿਆ,
ਮੇਰਾ ਜੈਕਾਰਾ ਖੜਕੇ
ਕਿਓਂਕਿ ਮੈਂ ਜਵਾਨ ਹਾਂ

ਹੁਣ ਮੈਂ ਆਇਆ ਦਿੱਲੀ
ਹਿਸਾਬ ਨਜਿੱਠਣ
ਸੁੱਤਾ ਸ਼ੇਰ ਜਗਾ ਲਿਆ,
ਕੀ ਲੈਣਾ ਲੜ ਕੇ
ਕਿਓਂਕਿ ਮੈਂ ਅਭੈਦਾਨ ਹਾਂ

ਅਭੈ ਦਾਨ ਮੈਨੂੰ ਮਿਲਿਆ
ਬਖਸ਼ਿਸ਼ ਗੁਰੂਆਂ
ਕਿਰਸਾਨੀ ਕਰਮ ਧਰਮ,
ਸੱਚ ਨਾ ਥਿੜਕੇ
ਮੈਂ ਅਭੈਦਾਨ ਕਿਸਾਨ ਹਾਂ

### ਜੱਟ ਹਾਂ ਪਰ ਜੱਟ ਬੂਟ ਨਹੀਂ

ਜੱਟ ਹਾਂ ਪਰ ਜੱਟ ਬੂਟ ਨਹੀਂ
ਕੇਸਧਾਰੀ ਹਾਂ ਜਟਾ ਜੂਟ ਨਹੀਂ
ਜੈਕਾਰਾ ਸਦਾ ਨਿਹਾਲ ਦਾ ਕੋਈ ਹੂਟ
ਨਹੀਂ
ਸੱਚ ਖੱਟ ਕਮਾਊ ਮੈਂ ਖ਼ੀਸੇ ਕੱਟ
ਲੁੱਟ ਨਹੀਂ
ਸਾਦਾ ਵੇਸ ਮੇਰਾ ਅੰਗਰੇਜ਼ੀ ਸੂਟ ਨਹੀਂ

ਸਿਆਸਤ ਸਮਝਾਂ ਮੈਂ ਓ ਦਿੱਲੀ
ਵਾਲਿਓ
ਤੁਸੀਂ ਭੀ ਸਮਝ ਲਵੋ ਨਵਾਂ ਰੰਗਰੂਟ
ਨਹੀਂ

## ਖੀਸੇ ਵਿਚ ਚਿੱਠੀ

ਡੱਗਾ ਲੱਗਿਆ ਦਿੱਲੀ ਦੇ ਮੋਰਚੇ ਦਾ
ਮੈਂ ਵੀ ਟ੍ਰੈਕਟਰ ਤੁਰੰਤ ਤਿਆਰ
ਕੀਤਾ।
ਸੰਭਾਲ ਕੱਖ ਕੰਡਾ ਟੱਬਰ ਤੋਂ ਲੈ
ਵਿਦਾ
ਬਿਠਾ ਪੁੱਤਰ ਨੂੰ ਉੱਤਰ ਅਧਿਕਾਰ
ਕੀਤਾ

ਖੀਸੇ ਪਾ ਚਿੱਠੀ ਮੈਂ ਆਇਆ ਦਿੱਲੀ
ਤਾਨਾਸ਼ਾਹੀ ਦਾ ਤਖ਼ਤ ਹਿਲਾ ਦੇਣਾ
ਜੱਟ ਵਿਹਲੜ ਨਾ ਮੈਨੂੰ ਕੋਈ ਸਮਝੇ
ਭੰਡੀ ਪਰਚਾਰ ਨੂੰ ਸਾਫ ਸਮਝਾ ਦੇਣਾ

ਤੰਦਰੁਸਤ ਹਾਂ ਸਿਆਣਾ ਸਰੀਰ ਭਾਵੇਂ
ਕਿਰਸਾਨੀ ਹੱਕਾਂ ਤੇ ਧਰਨਾ ਲਾ ਦੇਣਾ
ਆਇਆ ਮਿੱਥ ਕੇ ਰਹਿੰਦੇ ਦਮ
ਤੀਕਰ
ਸਿੰਘਾ ਛਾਉਣੀ ਤੇ ਕੰਨਾਂ ਡਾਹ ਦੇਣਾ


ਐਪਰ ਸਾਥੀਓ ਦਮ ਜੇ ਰੁਕ ਜਾਵੇ
ਅਰਾਮ ਦੇਹ ਕਰਕੇ ਚਾਦਰ ਪਾ ਦੇਣਾ
ਜਿਹੜੀ ਜ਼ਮੀਨ ਤੋਂ ਜੰਮਿਆ ਪਲਿਆ
ਮੈਂ
ਉਸੇ ਜ਼ਮੀਨ ਤੇ ਲਾਸ਼ ਪੁਚਾ ਦੇਣਾ *

ਜਿਹੜੇ ਖੇਤਾਂ ਨੂੰ ਸਿੰਜਿਆ ਪਸੀਨਿਆਂ
ਨੇ
ਉਨ੍ਹਾਂ ਖੇਤਾਂ ਦੇ ਦੁਆਲੇ ਘੁਮਾ ਦੇਣਾ
ਜਿਹੜੇ ਖੂਹ ਦਾ ਪਾਣੀ ਹੈ ਮੈਂ ਪੀਤਾ
ਓਸੇ ਪਾਣੀ ਦੀ ਬੂੰਦ ਮੂੰਹ ਪਾ ਦੇਣਾ

ਮੋਟਰ ਵਾਲੇ ਖੇਤ ਦੇ ਸਰੀਂਹ ਥੱਲੇ
ਮਿੱਟੀ ਖੇਤ ਦੀ ਚਿਤਾ ਚਿਣਾ ਦੇਣਾ
ਮੇਰੇ ਸਾਥੀਓ ਦੇਹ ਕਰ ਅਗਨ ਭੇਟਾ
ਆਖਰੀ ਵਾਰ ਦੀ ਫਤਹਿ ਬੁਲਾ ਦੇਣਾ

ਮੇਰੀ ਲਾਸ਼ ’ਚੋਂ ਵਿਛੜਦੀ ਰੂਹ ਸੁਣੇ
ਕਿਸਾਨ ਏਕਤਾ ਨਾਅਰਾ ਗੁੰਜਾ ਦੇਣਾ
ਮੁੜ ਆ ਕੇ ਮੋਰਚੇ ’ਤੇ ਡਟ ਜਾਇਓ
ਮੇਰੇ ਮਰਨ ’ਤੇ ਵਾਅਦਾ ਨਿਭਾ ਦੇਣਾ

**ਕਰਮ ਲੁਧਿਆਣਵੀ**
**ਹਿਊਸਟਨ, ਅਮਰੀਕਾ**
**001832 766 8742**



## ਨਜ਼ਮ


### ਮਨਜੀਤ ਕੌਰ ਸੇਖੋਂ



## ਕਿਸਾਨੀ ਸੰਘਰਸ਼ ਦੇ ਨਾਂ

ਜਿੱਥੇ ਵਾੜ ਖੇਤ ਨੂੰ ਖਾਵੇ,
ਉਸ ਦੇਸ਼ ਦਾ ਹਾਲ ਕੀ ਹੋਵਣਾ।
ਅੰਨ ਦਾਤੇ ਦੇ ਹੱਕਾਂ ਨੂੰ ਖੋਹ,
ਹਾਕਮਾਂ ਅੰਤ ਨੂੰ ਰੋਵਣਾ।
ਇਹ ਕਾਫ਼ਲਾ ਹੁਣ ਨਹੀਂ ਰੁਕਦਾ,
ਇਹਨੇ ਪਾਇਆ ਦਿੱਲੀ ਨੂੰ ਘੇਰਾ।
ਨਵਾਂ ਇਤਿਹਾਸ ਰਚਣ ਲਈ
ਤੁਰ ਪਏ,
ਮੁੜਨਗੇ ਕਰਕੇ ਨਿਬੇੜਾ।
ਲੋਕ ਲੰਗਰ ਵੀ ਨਿੱਤ ਤਪਾਉਂਦੇ
ਬਿਨ ਪੱਖਪਾਤ ਛਕਾਉਂਦੇ।
ਭਾਈ ਘਨ੍ਹੱਈਆ ਜੀ ਦੀ ਸੋਚ ਦੇ
ਪਹਿਰੇਦਾਰ ਅਖਵਾਉਂਦੇ।
ਜਵਾਨੀ ਤੇ ਕਿਰਸਾਨੀ ਰਲ ਗਈ,
ਹੁਣ ਕਦ ਇਨ੍ਹਾਂ ਹਾਰਨਾ।
ਜਿੱਤ ਜਾਣਾ ਜਾਂ ਮਿਟ ਜਾਣਾ,
ਇਕ ਬੰਨਾ ਕਰਕੇ ਆਵਣਾ।
ਬੰਦਾ ਸਿੰਘ ਬਹਾਦਰ ਬਣ ਕੇ
ਤਵਾਰੀਖ਼ ਦੁਹਰਾਵਣੀ।
ਦਿੱਲੀਏ ਜਦੋਂ ਮੁਟਿਆਰ ਹੋਵੇਗੀ,
ਪੰਜਾਬ ਨੇ ਵਿਆਹ ਲੈ ਜਾਵਣੀ।
ਵਾਰਸ ਅਸੀਂ ਕਲਗੀਧਰ ਦੇ,
ਨਿੱਤ ਨੇਮ ਹਾਂ ਮਨੋ ਵਿਸਾਰਿਆ।
ਸਿਰ ਤੇ ਬੰਨ੍ਹ ਕਫ਼ਨ ਹਾਂ ਤੁਰ ਪਏ,
ਸਾਡਾ ਸਿਦਕ ਕਦੀ ਨੀਂ ਹਾਰਿਆ।
ਜੇਕਰ ਮਿਟ ਗਿਆ
ਖੇਤਾਂ ਦਾ ਜਾਇਆ,
ਅੰਨ ਕਿੱਥੋਂ ਦਿੱਲੀਏ ਖਾਵਣਾ।
ਮੋਹਰਾਂ ਸੋਨਾ ਡਾਲਰ ਖਾ ਕੇ ਤਾਂ
ਨੀ ਪੇਟ ਤੇਰਾ ਭਰ ਜਾਵਣਾ।
ਸਾਡਾ ਹੱਕ ਸਾਡੀ ਝੋਲੀ ਪਾਦੇ,
ਨਹੀਂ ਪੈਣਾ ਜਬਰੀ ਖੋਹਣਾ।
ਜਦ ਸੱਗੀ ਨਾਲ ਪਰਾਂਦਾ
ਵੀ ਤੁਰ ਪਿਆ,
ਫਿਰ ਤੂੰ ਬੁੱਕ ਬੁੱਕ ਰੋਵਣਾ।

**ਮਨਜੀਤ ਕੌਰ ਸੇਖੋਂ**
**ਯੂ. ਐਸ. ਏ.**
**9166902379**
**mksekhon1@yahoo.com**



ਨਜ਼ਮ

## ਰੋਮੀ ਬੈਂਸ ਖਰਲਾਂ



## ਕਾਫ਼ਲੇ ਰੋਸਾਂ ਦੇ

ਕਿਵੇਂ ਕਾਫ਼ਲੇ ਰੁੱਕ ਜਾਣ,
ਤੁਰੇ ਜੋ ਰੋਸਾਂ ਦੇ।
ਅਜੇ ਕਾਤਿਲ ਜਿੰਦਾਂ,
ਘੁੰਮਦੇ ਨੇ ਨਿਰਦੋਸ਼ਾਂ ਦੇ।

ਧਰਮ ਦੇ ਨਾਂ ਤੇ ਪਾਪ,
ਜਿਹਨਾਂ ਨੇ ਕੀਤੇ ਆ।
ਉਨਾਂ ਭਰ ਭਰ ਲਹੂ ਦੇ ਜਾਮ,
ਰੱਜ ਰੱਜ ਪੀਤੇ ਆ।
ਅਜੇ ਹੋਸ਼ ਲਿਆਉਣੇ ਬਾਕੀ,
ਉਹ ਮਦਹੋਸ਼ਾਂ ਦੇ।
ਕਿਵੇਂ ਕਾਫ਼ਲੇ ਰੁਕ ਜਾਣ
ਤੁਰੇ ਜੋ ਰੋਸਾਂ ਦੇ।

ਦਲਾਲੀ ਕਰਕੇ ਕੀਤੀ,
ਜਿਹਨਾਂ ਕਮਾਈ ਏ।
ਧਰਤੀ,ਧਰਮ ਤੇ ਧੀਆਂ ਦੀ,
ਮੰਡੀ ਲਾਈ ਏ।
ਅਜੇ ਜਿਸਮ ਕੋਹਣੇ ਬਾਕੀ,
ਉਹ ਜਿਸਮ-ਫ਼ਰੋਸ਼ਾਂ ਦੇ।
ਕਿਵੇਂ ਕਾਫ਼ਲੇ ਰੁਕ ਜਾਣ,
ਤੁਰੇ ਜੋ ਰੋਸਾਂ ਦੇ।

ਆਪਣੇ ਲਈ ਜੋ ਰੱਬ਼ ਦੇ,
ਘਰ ਢੁਹਾ ਦਿੱਤੇ।
ਮਾਸੂਮ ਲੋਕ ਸ਼ੈਤਾਨ,
ਜਿਹਨਾਂ ਬਣਾ ਦਿੱਤੇ।
ਅਜੇ ਨਕਾਬ ਲਾਹੁਣੇ ਬਾਕੀ,
ਉਹ ਨਕਾਬਪੋਸ਼ਾਂ ਦੇ।
ਕਿਵੇਂ ਕਾਫ਼ਲੇ ਰੁਕ ਜਾਣ,
ਤੁਰੇ ਜੋ ਰੋਸਾਂ ਦੇ।

ਅਜੇ ਇਨਕਲਾਬ ਦੀ ਅੱਗ,
ਪੂਰੀ ਬਲੀ ਨਹੀਂ।
ਲੜੀ ਸੀਸ ਟਿਕਾ ਕੇ ,
ਜਦ ਤੱਕ ਹਰ ਤਲੀ ਨਹੀਂ।
ਰੋਮੀ ਮੱਲਮ ਮਿਲੇ ਨਾ,
ਜਦ ਤੱਕ ਪੀੜਖ਼ਰੋਸ਼ਾਂ ਦੇ।
ਕਿਵੇਂ ਕਾਫ਼ਲੇ ਰੁਕ ਜਾਣ,
ਤੁਰੇ ਜੋ ਰੋਸਾਂ ਦੇ।
ਅਜੇ ਕਾਤਿਲ ਜ਼ਿੰਦਾ,
ਘੁੰਮਦੇ ਨੇ,ਨਿਰਦੋਸ਼ਾਂ ਦੇ।

**ਰੋਮੀ ਬੈਂਸ ਖਰਲਾਂ**
**ਅਮਰੀਕਾ**
**+1 (804) 405-3007**

## ਗ਼ਜ਼ਲਾਂ

## ਸ਼ਸ਼ੀਕਾਂਤ ਉੱਪਲ



### ਗ਼ਜ਼ਲ

ਅੱਗ ਦੇ ਪੈਰਾਂ 'ਚ ਉਹ ਜ਼ੰਜੀਰ
ਪਾਉਣਾ ਲੋਚਦੇ,
ਮਾਰ ਕੇ ਉਹ ਫੂਕ ਸੂਰਜ ਨੂੰ
ਬੁਝਾਉਣਾ ਲੋਚਦੇ।

ਲਾਸ਼ ਨੂੰ ਮੇਰੀ ਉਹ
ਪਿੱਠ ਉੱਤੇ ਲੱਦ ਕੇ,
ਕਿਸ ਅਹਿੰਸਾ ਦਾ ਸਬਕ
ਮੈਨੂੰ ਸਿਖਾਉਣਾ ਲੋਚਦੇ।

ਚਾਨਣੇ ਪੱਖ ਨੂੰ ਨਿਭਾਵਾਂਗਾ
ਮੇਰਾ ਨਿਸਚਾ ਹੈ ਇਹ,
ਉਹ ਹਨੇਰੇ ਪੱਖ ਨੂੰ ਹੀ
ਬੱਸ ਨਿਭਾਉਣਾ ਲੋਚਦੇ।

ਵੱਖੋ ਵੱਖਰੇ ਖੇਮਿਆਂ ਵਿੱਚ
ਵੰਡ ਕੇ ਆਪਾਂ ਨੂੰ ਉਹ,
ਬੇਵਜ੍ਹਾ ਹੀ ਆਪਾਂ ਦੋਵਾਂ ਨੂੰ
ਲੜਾਉਣਾ ਲੋਚਦੇ।

ਸ਼ੀਸ਼ੇ ਨੂੰ ਪੱਥਰ ਤੇ ਪੱਥਰ ਨੂੰ
ਕਿਵੇਂ ਸ਼ੀਸ਼ਾ ਲਿਖਾਂ,
ਖ਼ੁਦ ਨਹੀਂ ਲਿਖਦੇ ਮਗਰ
ਮੈਥੋਂ ਦਿਖਾਉਣਾ ਲੋਚਦੇ।

### ਗ਼ਜ਼ਲ

ਕਾਲੀ ਹੈ ਕਾਲੀ ਰਾਤ ਦੀ
ਹਰ ਬਾਤ ਦੋਸਤਾ,
ਲੰਮੀ ਹੈ ਮੇਰੀ ਉਮਰ ਤੋਂ
ਇਹ ਰਾਤ ਦੋਸਤਾ,

ਵਰ੍ਹਿਆਂ ਤੋਂ ਨ੍ਹੇਰੇ ਸ਼ਹਿਰ ਨੂੰ
ਜਿਸ ਦੀ ਉਡੀਕ ਹੈ,
ਆਵੇਗੀ ਦਿਲ ਨਾ ਛੱਡ
ਉਹ ਪ੍ਰਭਾਤ ਦੋਸਤਾ ।

ਉੱਠ ਵੇਖ ਨ੍ਹੇਰਿਆਂ ਦਾ
ਮੁਸਾਫ਼ਿਰ ਕੌਣ ਹੈ,
ਮੰਗਦਾ ਹੈ ਕੌਣ ਨੂਰ ਦੀ
ਖ਼ੈਰਾਤ ਦੋਸਤਾ।

ਦੀਵੇ ਮੁਕਾਬਲੇ ਲਈ
ਇੱਕਮੁੱਠ ਹੋ ਗਏ,
ਚੰਗੇ ਨਹੀਂ ਨੇ ਰਾਤ ਦੇ
ਹਾਲਾਤ ਦੋਸਤਾ।

ਇਸ ਸੋਚ ਨੂੰ ਸੰਭਾਲ ਕੇ
ਰੱਖੀਂ ਜੇ ਹੋ ਸਕੇ,
ਹੈ ਮੇਰੀ ਸੋਚ ਸੱਚ ਦੀ
ਸੌਗਾਤ ਦੋਸਤਾ।

ਸ਼ਸ਼ੀਕਾਂਤ ਉੱਪਲ
ਅਮਰੀਕਾ

## ਨਜ਼ਮ

**ਕੁਲਵਿੰਦਰ**



### ਤਾਰਿਆਂ ਦਾ ਕਾਫ਼ਿਲਾ

ਐ, ਮੇਰੇ ਪਿਆਰਿਓ!
ਜ਼ਿੰਦਗੀ ਦਾ ਕਰਜ਼ ਮੋੜਨ ਵਾਸਤੇ
ਵਕਤ ਦੇ ਸਭ ਸੰਗਲਾਂ ਨੂੰ ਤੋੜ ਕੇ
ਪਰਤਣਾ ਵਾਪਿਸ
ਅਤੇ ਹੋਣਾ ਹੈ ਸ਼ਾਮਿਲ
ਮੈਂ ਵੀ ਇਸ ਸੰਘਰਸ਼ ਵਿਚ
ਹਰ ਕਦਮ 'ਤੇ ਬਣ ਕੇ
ਇਕ ਰੌਸ਼ਨ ਆਵਾਜ਼
ਛੇੜਨਾ ਹੈ ਮੈਂ ਵੀ ਹੁਣ
ਇਹ ਦਰਦ ਦਾ ਸਾਜ਼
ਤਾਂ ਕਿ ਜ਼ਰਦ ਖੇਤਾਂ ਵਿੱਚੋਂ
ਮੁੜ ਕੇ ਆ ਸਕੇ
ਰੁਦਨ ਕਰਦੇ ਸਭ
ਪਰਿੰਦਿਆਂ ਦੀ ਚਹਿਕ
ਕਣਕ ਦੇ ਤਾਜ਼ਿਆਂ ਸਿੱਟਿਆਂ ਦੀ
ਮਹਿਕ

ਪਰ ਕਿਵੇਂ ਪਰਤਾਂ...
ਲਹੂ ਮੇਰੇ ਦੀ ਗਰਮਾਇਸ਼
ਹੋਈ ਯੂਸਾਮਿਟੀ ਦੀਆਂ
ਸਰਦ ਵਾਦੀਆਂ ਦੀ ਦਾਸਤਾਂ...
ਤਾਰਿਆਂ ਦੀ ਹਲਕੀ ਹਲਕੀ ਚਾਂਦਨੀ
ਜੰਮ ਚੁੱਕੀ ਹੈ ਰਗ਼ਾਂ ਵਿਚ

ਮੈਂ ਉਦਾਸ ਨਹੀਂ
ਕਿ ਮੈਂ ਤੁਹਾਡੇ ਸੰਗ
ਨਹੀਂ ਲੜ ਰਿਹਾ ਇਹ ਜੰਗ
ਮੈਂ ਉਦਾਸ ਹਾਂ
ਕਿ ਹੋ ਗਿਆ ਹੈ ਕਿੰਨਾ ਫਿੱਕਾ
ਮੇਰੇ ਲਹੂ ਦਾ ਰੰਗ

ਪਰ
ਅੱਜ ਫੇਰ ਮੇਰੀ
ਆਸ ਦਾ ਪਰਿੰਦਾ
ਗੁਣਗੁਣਾਉਂਦਾ ਹੈ ਧੁਨਾਂ
ਸ਼ਬਦਾਂ ਤੋਂ ਬਿਨਾਂ

ਮੇਰੇ ਪਿਆਰਿਓ
ਵਕਤ ਦੇ ਸਭ ਸੰਗਲਾਂ ਨੂੰ ਤੋੜ ਕੇ
ਹੁਣ
ਮੈਂ ਵਾਪਿਸ ਪਰਤ ਰਿਹਾ ਹਾਂ
ਤੇ ਸ਼ਾਮਿਲ ਹੋ ਰਿਹਾ ਹਾਂ
ਤੁਹਾਡੇ ਸੰਘਰਸ਼ ਵਿੱਚ
ਤਾਰਿਆਂ ਦੇ
ਇਸ ਮਹਾਨ ਕਾਫ਼ਲੇ ਵਿਚ...

**ਕੁਲਵਿੰਦਰ**
**ਕੈਲੇਫੋਰਨੀਆ, ਅਮਰੀਕਾ**

## ਨਜ਼ਮ
## ਤਰਲੋਚਨ ਸਿੰਘ ਦੁਪਾਲ ਪੁਰ



ਨਵੇਂ ਬਣੇ ਤੀਰਥ ਸਥਾਨ!
ਐਸਾ ਉੱਠਿਆ ਰੋਹ ਪੰਜਾਬ ਵਿੱਚੋਂ
ਪੂਰੇ ਦੇਸ ਨੂੰ ਆ ਗਿਆ ਤਾਅ ਦੇਖੋ।
ਸਾਰੇ ਤੁਰੇ ਕਿਸਾਨਾ ਦੇ ਨਾਲ ਲੋਕੀ
ਹੱਕਾਂ ਲਈ ਸੰਘਰਸ਼ ਦਾ ਚਾਅ ਦੇਖੋ।
ਆਏ ਆਪਣੀ ਆਈ ’ਤੇ ਕਹਿਣ
ਲੱਗੇ
ਨਹੀਂਉਂ ਮੰਨਣੇ ਤਿੰਨੋਂ ਹੀ ‘ਲਾਅ’
ਦੇਖੋ।
‘ਬਾਤ-ਚੀਤ’ ਵਿਚ ਰੱਖਦੇ ਹੱਥ ਉੱਪਰ
ਕਰ ’ਤੇ ਫੇਲ੍ਹ ਸਰਕਾਰ ਦੇ ਦਾਅ
ਦੇਖੋ।
ਬੈਠੇ ਸੰਗਤੀ ਰੂਪ ਵਿਚ ਹੋਏ ‘ਕੱਠੇ
ਅੱਗੇ ਜ਼ਿੱਦੀ ਸਰਕਾਰ ਦੀ ਜੁੰਡਲੀ
ਐ।
ਬਣੇ ਤੀਰਥ ਅਸਥਾਨ ਹੀ ਜਾਪਦੇ ਨੇ
ਸਿੰਘੂ ਟਿੱਕਰੀ ਗਾਜ਼ੀਪੁਰ ਕੁੰਡਲੀ ਐ!

**ਤਰਲੋਚਨ ਸਿੰਘ ਦੁਪਾਲ ਪੁਰ**
**ਅਮਰੀਕਾ**
**001-408-915-1268**

## ਨਜ਼ਮ
## ਰਵਿੰਦਰ ਸਹਿਰਾਅ



ਅਕਲ ਵਿਹੂਣੀਏ !
ਹੰਕਾਰ-ਚਿੱਕੜ ਵਿਚ
ਲੱਥ ਪੱਥ ਹੋਈਏ
ਖ਼ਾਹ ਮਖ਼ਾਹ ਦੀ ਜ਼ਿੱਦ ਨੂੰ ਛੱਡ ਕੇ
ਕੰਧ ’ਤੇ ਲਿਖਿਆ ਪੜ੍ਹ ਨੀ

ਚਾਰੇ ਪਾਸਿਉਂ ਘੇਰ ਕੇ ਬਹਿ ਗਏ
ਆਂਢ ਗੁਆਂਢ ਦੇ ਸੂਬੇ ਵੀ ਹੁਣ
’ਕੱਠੇ ਹੋ ਆ ਗਏ ਸਾਰੇ
ਤਾਣ ਕੇ ਮੁੱਕੇ, ਬਾਲ਼ ਮੁਸ਼ਾਲਾਂ
ਹੱਥ ਵਿਚ ਝੰਡੇ, ਜ਼ੁਬਾਨ ’ਤੇ ਨਾਹਰੇ
ਤੇਰੀਆਂ ਬੈਠ ਬਰੂਹਾਂ ਉੱਤੇ
ਲਿਖ ਰਹੇ ਇਤਿਹਾਸ ਨਵਾਂ ਹੁਣ
ਦੇਖ ਕਿਵੇਂ ਮਾਰਨ ਲਲਕਾਰੇ।

ਬੱਚੇ, ਬੁੱਢੇ, ਕੁੜੀਆਂ, ਮਾਈਆਂ
ਦੂਰ ਦੁਰਾਡੇ ਪੈਂਡੇ ਚੱਲ ਕੇ
ਹੱਕ ਆਪਣੇ ਖੋਹਣ ਦੀ ਖ਼ਾਤਿਰ
ਆਪਣੀ ਗੱਲ ਸੁਣਾਉਣ ਦੀ ਖ਼ਾਤਿਰ
ਅਮਨ ਇਮਾਨ ਦਾ ਪੱਲਾ ਫੜ ਕੇ
ਜੋਸ਼ ਹੋਸ਼ ਤੇ ਜਜ਼ਬੇ ਵਾਲੇ
ਭਰ ਭਰ ਭੱਥੇ ਤੀਰ ਲਿਆਈਆਂ

**ਰਵਿੰਦਰ ਸਹਿਰਾਅ**
**ਅਮਰੀਕਾ**
**+1 (717) 575-7529**

## ਨਜ਼ਮ

ਸੁਰਿੰਦਰ ਸੋਹਲ



### ਨਿੱਘੇ ਬੁੱਲੇ


ਗਰਮ ਸੂਟ 'ਚ ਲਿਪਟੀ
ਸੱਤਾ-ਨਸ਼ੇ 'ਚ ਧੁੱਤ ਕੁਰਸੀ
ਸੜਕ 'ਤੇ
ਬੇਪਰਵਾਹੀ ਦੇ ਕੰਬਲ਼ 'ਚ ਬੈਠੇ
ਕਿਸਾਨ-ਅੰਦੋਲਨ ਨੂੰ ਪੁੱਛਣ ਲੱਗੀ:
''ਠੰਢ ਨਹੀਂ ਲੱਗਦੀ ?
''ਨਹੀ.....''


''ਕਿਉਂ ?..... ਏਨੀ ਸਰਦੀ ਹੈ.....''

''ਨਿੱਘੇ-ਨਿੱਘੇ ਬੁੱਲੇ ਆ ਰਹੇ
ਐ.....''
''ਕਿੱਥੋਂ ...?''
''ਠੰਢੇ ਬੁਰਜ ਵਿੱਚੋਂ ......''

ਗਰਮ ਸੂਟ 'ਚ ਲਿਪਟੀ
ਸੱਤਾ-ਨਸ਼ੇ 'ਚ ਧੁੱਤ ਕੁਰਸੀ ਕੰਬਣ
ਲੱਗੀ....

ਸੁਰਿੰਦਰ ਸੋਹਲ
ਨਿਊਯਾਰਕ, ਅਮਰੀਕਾ
+1 (646) 220-2586



## ਨਜ਼ਮ

## ਬਿਕਰਮ ਸੋਹੀ



### ਬੰਨਾ ਫਕੀਰ

ਗਹੁ ਨਾ ਤੱਕੀਂ ਸਿਆੜਾਂ ਵਿੱਚ ਰਲ
ਕੇ
ਜਿਵੇਂ ਖੇਤ ਨਹੀਂ ਮਜ਼ਮੂਨ ਹੁੰਦਾ।
ਪੱਗ ਦਾਦੇ ਦੀ ਪੈਲੀਆਂ ਵਿੱਚ
ਪੁੰਗਰੀ
ਡੁੱਲ੍ਹਿਆ ਮੁੜ੍ਹਕਾ ਡੁੱਲ੍ਹਿਆ ਖ਼ੂਨ
ਹੁੰਦਾ।

ਹਲ਼ਾਂ ਦੇ ਫਾਲ਼ੇ ਵਰਗੀ ਰੀਝ ਰੱਖੀਂ
ਜਦੋਂ ਮਿੱਟੀ ਕਲਾਵੇ ਵਿੱਚ ਲੈਣੀਂ
ਤੇਰੇ ਖਾਲਾਂ ਦੇ ਪਾਣੀ 'ਚ ਸੰਸਦ ਤਰੇ
ਮੋੜੇ ਨੱਕੇ ਨੇ ਐਤਕੀਂ ਸੀਟ ਲੈਣੀ।

ਪੰਜਾਲ਼ੀ ਲਾਹ ਕੇ ਸੁੱਟ ਦੇ ਅੱਜ ਮੌਕਾ
ਤੇਰੀ ਪਨੀਰੀ ਨੂੰ ਗੁੜ੍ਹਤੀ ਨਿੰਮ ਦੀ ਜੋ
ਕਿਤੇ ਹੋਰ ਦੀ ਹੋਰ ਨਾ ਬਣ ਜਾਏ

ਇਹ ਸੰਤਾਲੀ ਚੁਰਾਸੀ ਸਿੰਮਦੀ ਜੋ
ਪੋਚੀਂ ਵੀ ਚੰਗਾ, ਲਿੰਬਣਾ ਤਾਂ ਪੈਣਾ ਏ
ਲੋੜ ਹੈ ਜਿੱਥੇ, ਪਿੰਜਣਾ ਤਾਂ ਪੈਣਾ ਏ

ਨਜ਼ਰਾਂ ਦਾ ਛੌਰਾ,ਅਕਲਾਂ ਦਾ ਪਾਣੀ
ਪੀੜ੍ਹੀ ਏ ਤੇਰੀ ,ਸਿੰਜਣਾ ਤਾਂ ਪੈਣਾ ਏ

ਮਿੱਟੀ ਦਾ ਵਰਕਾ ,ਇਬਾਰਤ ਕਰੀਰ
ਅੰਬਰ ਨੂੰ ਨੀਝਾਂ ਨੇ ਬੰਨਾ ਫਕੀਰ
ਕਹੀਆਂ ਦੇ ਟੱਪਾਂ ਨਾਲ,
ਉੱਠੇ ਓ ਹੱਥਾਂ ਨਾਲ
ਜਗਦੀਆਂ ਅੱਖਾਂ ਨਾਲ,
ਟਲ਼ਨਾ ਅਖੀਰ।

### ਪ੍ਰੇਮ ਖੇਲਨ ਕੀ ਗੱਲ

ਬੁਰਕੀ ਮੂੰਹ ਚ ਪਾਉਣ ਤੋਂ ਅੱਜ
ਪਹਿਲੋਂ
ਕੋਈ ਖੇਤਾਂ  ਦੇ ਪੁੱਤ ਦੀ ਗੱਲ
ਕਰੀਏ।

ਫਾਹਾ ਲੈ ਗਈ ਜਿਹੜੀ ਕਣਕ ਪਰਸੋਂ
ਕੋਈ ਕੰਬਦੇ ਕਮਾਦਾਂ ਦੀ ਗੱਲ
ਕਰੀਏ।
ਝੋਨਾ ਲਾਇਆ ਤੇ ਕਰਜ਼ਾ ਉੱਗ
ਆਇਆ।

ਹੱਥ ਕਾਲਜੇ ਪੱਗ ਦਾ ਰੁੱਗ
ਆਇਆ
ਜੇ ਜੀਭਾਂ ਦਾ ਪੱਥਰ ਯੁੱਗ ਆਇਆ

ਫਿਰ ਪ੍ਰੇਮ ਖੇਲਨ ਕੀ ਗੱਲ ਕਰੀਏ
ਸੁੰਨ ਸਮਾਧੀ ਚੋਂ ਉੱਠ ਕੇ ਭਾਗ ਲਾਏ

ਅਕਾਲ ਪੁਰਖ ਸੀ ਧਰਾਤਲੀ ਉੱਤੇ

ਇਹ ਜੁ ਲੱਗਦੇ ਬਸ ਦਰਿਆ ਜਿਹੜੇ
ਇਹ ਲੀਕਾਂ ਪੰਜਾਬ ਦੀ ਤਲੀ ਉੱਤੇ
ਸਾਡੀ ਪੱਗ ਦੀ ਪੂਣੀ ਕਰੇ ਚੰਬਾ
ਹੁੰਦਾ ਕੈਥਲ ਸੀ ਸਾਡੀ ਗਲੀ ਉੱਤੇ
ਹੱਥ ਕਾਲਜੇ ਪੱਗ ਦਾ ਰੁੱਗ
ਆਇਆ
ਫਿਰ ਪ੍ਰੇਮ ਖੇਲਨ ਕੀ ਗੱਲ ਕਰੀਏ

ਨੀਲੀ ਸਿਆਹੀ ਦੇ ਚਾਰ ਤੁਪਕਿਆਂ
ਨੇ
ਪਾਣੀ ਐਡੇ  ਦਰਿਆਵਾਂ ਦੇ ਮੋੜ
ਦਿੱਤੇ
ਸਾਡੇ ਕਿੱਲਿਆਂ ਤੇ ਬੱਝੇ ਧੁਰੋਂ ਜਿਹੜੇ
ਪਾਣੀ ਐਧਰ ਓਧਰ ਨੂੰ ਤੋਰ ਦਿੱਤੇ।

ਵਾਰੀ ਆਈ ਸ਼ਾਸਨੀ ਗੱਫਿਆਂ ਦੀ
ਐਧਰ  ਹੋਰ ਤੇ ਔਧਰ ਹੋਰ ਦਿੱਤੇ।
ਹੱਥ ਕਾਲਜੇ ਪੱਗ ਦਾ ਰੁੱਗ
ਆਇਆ
ਫਿਰ ਪ੍ਰੇਮ ਖੇਲਨ ਕੀ ਗੱਲ ਕਰੀਏ।

ਗਿਰਝ ਉੱਡ ਕੇ ਬੈਂਕ ਦੇ ਖਾਤਿਆਂ ਚੋਂ
ਚੂੰਡ ਘੱਤਣ ਟਰੈਕਟਰ ਨਕੋਰ
ਕਿੱਦਾਂ।

ਔਹ ਦੂਰ ਪਤੰਗਾਂ ਨਾਲ ਉੱਡੇ ਫਿਰਦੇ
ਸਾਡੇ ਬੁਰਛਿਆਂ ਵਰਗੇ ਛੋਹਰ
ਕਿੱਦਾਂ।
ਛਾਂ ਟਾਹਲੀਆਂ ਵਾਲੀ ਪੁਨਰਜਨਮੀ
ਤੇ ਜੰਮ ਕੇ ਬਣ ਗੀ ਥੋਹਰ ਕਿੱਦਾਂ।

ਹੱਥ ਕਾਲਜੇ ਪੱਗ ਦਾ ਰੁੱਗ
ਆਇਆ
ਫਿਰ ਪ੍ਰੇਮ ਖੇਲਨ ਕੀ ਗੱਲ ਕਰੀਏ।

ਚਾਰ ਸਾਂਭ ਲੈ ਕਿੱਲੇ ਬਾਪ ਵਾਲੇ
ਇਹ ਤਾਂ ਅੱਗੇ ਈ ਤੇਰੇ ਥੁੜੇ
ਫਿਰਦੇ।
ਅੱਜ ਕਿੱਲੇ ਵਿੱਘੇ ਤੇ ਮਰਲਿਆਂ ਦੇ
ਹੱਥ ਅੰਬਰਾਂ ਵੱਲ ਨੂੰ ਜੁੜੇ ਫਿਰਦੇ।

ਆ ਥੰਮ੍ਹ ਲੈ ਸਿੱਟੇ ਬਾਜਰੇ ਦੇ
ਫਿਰ ਆਖੇਂਗਾ ਦਿੱਲੀ ਤੁਰੇ ਫਿਰਦੇ।
ਹੱਥ ਕਾਲਜੇ ਪੱਗ ਦਾ ਰੁੱਗ
ਆਇਆ
ਫਿਰ ਪ੍ਰੇਮ ਖੇਲਨ ਕੀ ਗੱਲ ਕਰੀਏ।

ਨ੍ਹੇਰੀ ਹੁਕਮ ਦੀ ਕਾਲੀ ਚੜ੍ਹੀ ਜੰਮ ਕੇ
ਵੱਟਾਂ ਓਹਲੇ ਸਿਆੜ ਨੇ ਲੁਕੇ
ਫਿਰਦੇ।
ਪਾ ਕੇ ਕੱਪੜੇ ਕਨੂੰਨ ਦੇ ਨਿਕਲੇ ਨੇ
ਗਲ਼ੀਆਂ ਵਿੱਚ ਇਰਾਦੇ ਨੇ ਬੁਰੇ
ਫਿਰਦੇ।

ਤੇਰੇ ਹੱਥਾਂ ਦੇ ਰੱਟਣ ਭਲਕ ਵੇਖੀਂ
ਕਾਰਪਰੇਟਾਂ ਦੇ ਮੇਜ਼ ’ਤੇ ਤੁਰੇ ਫਿਰਦੇ।
ਹੱਥ ਕਾਲਜੇ ਪੱਗ ਦਾ ਰੁੱਗ
ਆਇਆ
ਫਿਰ ਪ੍ਰੇਮ ਖੇਲਨ ਕੀ ਗੱਲ ਕਰੀਏ।

**ਬਿਕਰਮ ਸੋਹੀ**
**ਅਮਰੀਕਾ**
**+1 (443) 760-1098**

## ਨਜ਼ਮ

## ਰਣਜੀਤ ਸਿੰਘ ਗਿੱਲ(ਜੱਗਾ)



ਲੋਕ-ਤੰਤਰ ਦੇ ਤੰਤਰ ਵਿੱਚ ,
ਜਿੱਥੇ ਲੋਕ ਚੁਣਨ ਸਰਕਾਰਾਂ ਨੂੰ ,
ਸਰਕਾਰਾਂ, ਲੋਕ ਰਾਏ ਤੋਂ ਡਰਦੀਆਂ
ਨੇ।

ਜ਼ਰੀਏ ਜਿੱਤ ਦੇ ਹੋਣ, ਯਕੀਨੀ ਜੱਦ,
ਮਾਰੂ ਸਾਧਨ ਕੋਲ ਮਸ਼ੀਨੀਂ ਜੱਦ,
ਫਿਰ, ਰੱਜ ਕੇ ਧੱਕਾ ਕਰਦੀਆਂ ਨੇ।

ਤਵਾਰੀਖ਼ ਗਵਾਹ ਹੈ, ਤੱਥਾਂ ਦੀ,
ਸਿਆਣਿਆਂ ਵਿੱਚ ਆਖੀ ਸੱਥਾਂ ਦੀ,
ਬਣ ਤਾਨਾਸ਼ਾਹ , ਕਿੰਜ ਮਰਦੀਆਂ
ਨੇ।

ਸੜਕਾਂ 'ਤੇ ਪਈਆਂ ਮਲੂਕ ਜ਼ਿੰਦਾਂ ,
ਬੱਚਿਆਂ ਨੂੰ ਲਾ ਕੇ ਸੀਨੇ ਨਾਲ਼,
ਅੰਤਾਂ ਦੀ ਠੰਡ ਵਿੱਚ ਠਰਦੀਆਂ ਨੇ।


ਹੱਕਾਂ ਦੀ ਰਾਖੀ ਕਰਨ ਲਈ,
ਕੌਮਾਂ, ਅਣਖ ਦੀ ਖਾਤਿਰ ਮਰਨ
ਲਈ,
ਲਾ ਸੱਭ ਕੁਝ ਦਾਅ 'ਤੇ ਧਰਦੀਆਂ
ਨੇ।

ਸਰਮਾਏਦਾਰੀ , ਕੀ ਜਾਣੇਂ ,
ਭੁੱਖਣ-ਭਾਣੇ ਬਾਲਾਂ ਦੇ
ਢਿੱਡ ਮਾਂਵਾਂ ਕੀਕਣ, ਭਰਦੀਆਂ ਨੇ।

ਇਹ ਮਾਇਆ ਹੈ ਸਾਧਨ ਜਿਉਣੇ
ਦਾ,
ਅੰਤਾਂ ਦਾ ਧਨ ਵੀ ਆਖਿਰ ਨੂੰ ,
ਹੈ ਅੰਤ ਕਰਾਉਂਦਾ ਧਨੀਆਂ ਦੇ,

ਮਿਟ ਜਾਣ ਨਿਸ਼ਾਨ ਕਬੀਲਿਆਂ ਦੇ,
ਰਾਹ ਹੋ ਜਾਣ ਬੰਦ, ਵਸੀਲਿਆਂ ਦੇ,
ਜੱਦ ਰੰਬ਼ ਦੀਆਂ ਕਰੀਆਂ ਵਰ੍ਹਦੀਆਂ
ਨੇ।

ਰਣਜੀਤ ਸਿੰਘ ਗਿੱਲ(ਜੱਗਾ)
ਫਰਿਜਨੋ, ਅਮਰੀਕਾ
+1 (559) 709-9599



## ਨਜ਼ਮ

**ਰਮਨ ਵਿਰਕ**



## ਮਿੱਟੀ ਦਾ ਦਰਦ

ਬਾਰ ਬਾਰ ਉੱਖੜਦੀ ਹੈ ਨੀਂਦ
ਰੜਕਦਾ ਹੈ
ਬਹੁਤ ਕੁਝ ਅੱਖਾਂ ਅੰਦਰ
ਮਿੱਟੀ ਹੋ ਗਿਆ ਸਰੀਰ
ਪਰਦੇਸ ਬੈਠਿਆਂ ਦੇਸ ਬੁਲਾਉਂਦਾ ਹੈ।
ਬਾਬਲ ਦੇ ਸਿਆੜ ਖ਼ਤਰੇ ਵਿੱਚ ਨੇ।
ਪੱਗਾਂ ਚੁੰਨੀਆਂ ਅਰਦਾਸ ਕਰ ਕੇ
ਤੁਰ ਪਈਆਂ ਨੇ
ਸਾਜ਼ਸ਼ੀ ਦਿੱਲੀ ਦਰਬਾਰ ਵੱਲ।
ਅਰਜ਼ ਕੌਣ ਸੁਣਦਾ ਹੈ।
ਮੁੱਕੇ ਵੰਗਾਰ ਬਣ
ਦੀਵਾਰ ਵਾਂਗ ਤਣ ਗਏ ਨੇ।

ਵੱਟਾਂ ਬੰਨਿਆਂ ’ਤੇ
ਸੁਹਾਗਾ ਫਿਰਨ ਲੱਗਾ ਹੈ।
ਸੁਪਨਾ ਹਕੀਕਤ ਨਾ ਬਣ ਜਾਵੇ।
ਰੱਬਾ ਖ਼ੈਰ ਹੋਵੇ।

ਜਦੋਂ ਅਮਰੀਕਾ ਵਿਆਹੀ ਸਾਂ
ਕਲ੍ਹੀਰਿਆਂ ਨਾਲ ਹੀ
ਬੱਝ ਕੇ ਆ ਗਈ ਸੀ
ਵਤਨ ਦੀ ਮਿੱਟੀ।
ਓਹੀ ਸੌਣ ਨਹੀਂ ਦਿੰਦੀ।

ਬਾਰ ਬਾਰ ਟੀ. ਵੀ. ਲਾ ਕੇ
ਇੰਡੀਅਨ ਚੈਨਲ ਵੇਖਦਿਆਂ
ਸਿੱਲ੍ਹੀਆਂ ਅੱਖਾਂ ਵਾਚ ਕੇ
ਬੱਚੇ ਆਖਦੇ ਹਨ
ਮੌਮ
ਕੀ ਹੋਇਆ ?
ਉਦਾਸ ਕਿਉਂ ਹੈਂ ?
ਤੇਰੀਆਂ ਅੱਖਾਂ ’ਚ ਅੱਥਰੂ ਕਿਉਂ ?
ਕਿਵੇਂ ਦੱਸਾਂ ?
ਦੇਸ ਵਿੱਚ ਪੋਹ ਦਾ ਮਹੀਨਾ ਹੈ
ਕਕਰੀਲੀਆਂ ਰਾਤਾਂ ਤੇ
ਗੁਰੂ ਦਾ ਪਰਿਵਾਰ ਵਿਛੋੜਾ।
ਕਿਧਰੇ ਬਾਜ਼ ਤੇ ਕਿਧਰੇ ਘੋੜਾ।
ਚਮਕੌਰ ਦੀ ਗੜ੍ਹੀ ਤੋਂ
ਸਰਹੰਦ ਦੀਆਂ ਨੀਹਾਂ ਤੀਕ ਵਾਹੀਆਂ
ਰੱਤੀਆਂ ਪੈੜਾਂ
ਹੁਣ ਦਿੱਲੀ ਦੇ ਬੂਹੇ ’ਤੇ ਪੁੱਜੀਆਂ।
ਗੁਰੂ ਅੰਗ ਸੰਗ ਹੈ।
ਇਹ ਦਰਦ ਕਾਫ਼ਲਾ ਕੱਦ ਰੁਕੇਗਾ ?
ਪਤਾ ਲੱਗੇ ਤਾਂ ਫੋਨ ਕਰਨਾ ਪੰਜਾਬ
ਜਲਦੀ ਦੱਸਣਾ
ਨੀਂਦ ਨਹੀਂ ਪੈ ਰਹੀ।
ਸਿਆੜਾਂ ’ਚੋਂ ਸਿੰਮਦਾ ਦਰਦ
ਨਰਮ ਗੱਦਿਆਂ ’ਤੇ ਵੀ ਚੁੱਭਦਾ ਹੈ।

**ਰਮਨ ਵਿਰਕ**
**ਕੈਲੇਫੋਰਨੀਆ, ਅਮਰੀਕਾ**

## ਨਜ਼ਮ

## ਹਰਪ੍ਰੀਤ ਸਿੰਘ ਗਿੱਲ



## ਕਿਸਾਨ ਅੰਦੋਲਨ

ਤੇਰਾ ਜਬਰ ਦੇਖਾਂਗੇ, ਤੂੰ ਸਾਡਾ ਸਬਰ
ਦੇਖੇਂਗਾ
ਜਿੱਤ ਦੀ ਖ਼ਬਰ ਦੇਖਾਂਗੇ, ਜਾਂ ਸਾਡੀ
ਕਬਰ ਦੇਖੇਂਗਾ

ਤੇਰਾ ਗ਼ਰੂਰ ਦੇਖਾਂਗੇ, ਤੂੰ ਰੱਬੀ ਨੂਰ
ਦੇਖੇਂਗਾ
ਤੇਰੀ ਮਗ਼ਰੂਰੀਅਤ ਖ਼ੁਦ ਹੀ, ਤੂੰ
ਚਕਨਾਚੂਰ ਦੇਖੇਂਗਾ

ਤੇਰਾ ਕਹਿਰ ਦੇਖਾਂਗੇ, ਤੂੰ ਸਾਡੀ
ਠਹਿਰ ਦੇਖੇਂਗਾ
ਉੱਗਲਦਾ ਜ਼ਹਿਰ ਦੇਖਾਂਗੇ, ਤੂੰ ਸਾਡੀ
ਲਹਿਰ ਦੇਖੇਂਗਾ

ਤੇਰੀ ਸ਼ਮਸ਼ੀਰ ਦੇਖਾਂਗੇ, ਤੂੰ ਰੌਸ਼ਨ
ਜ਼ਮੀਰ ਦੇਖੇਂਗਾ
ਜਮਹੂਰੀਅਤ ਦੀ ਤੂੰ, ਬਦਲੀ
ਤਸਵੀਰ ਦੇਖੇਂਗਾ

ਤੇਰੀ ਅੱਤ ਦੇਖਾਂਗੇ, ਤੂੰ ਮੱਘਦਾ ਰੱਤ
ਦੇਖੇਂਗਾ
ਕਿਵੇਂ ਏਕੇ ਨਾਲ ਖੋਹੇ ਜਾਂਦੇ ਹੱਕ
ਦੇਖੇਂਗਾ

ਤੇਰਾ ਡਰ ਦੇਖਾਂਗੇ, ਤੂੰ ਖੜ੍ਹੇ ਨਿਡਰ
ਦੇਖੇਂਗਾ
ਕਰੋਨੇ ਕਾਲ ਵਿੱਚ ਵੀ, ਇਲਾਹੀ
ਨਜ਼ਰ ਦੇਖੇਂਗਾ

ਲੱਗੀ ਖ਼ਲਕਤ ਨੂੰ ਅੱਜ ਫੇਰ, ਜਾਗੋ
ਵੇਖੇਂਗਾ
ਤੂੰ ਇੱਕ ਨਹੀਂ, ਹਜ਼ਾਰਾਂ ਮਾਈ ਭਾਗੋ
ਵੇਖੇਂਗਾ

ਰੋਟੀ ਖੋਂਹਦੇ ਨਹੀਂ, ਵੰਡਦੇ ਨੇ ਅੰਬਰ
ਵੇਖੇਗਾ
ਕਿਵੇਂ ਚੱਲਦੇ ਨੇ, ਨਾਨਕ ਦੇ ਲੰਗਰ
ਵੇਖੇਂਗਾ

ਤੇਰਾ ਰੰਗ ਵੇਖਾਂਗੇ, ਕਨੂੰਨ ਜਦੋਂ ਭੰਗ
ਵੇਖੇਂਗਾ
ਪ੍ਰੀਤ, ਪੋਹ ਦੀ ਠੰਡ ਵਿੱਚ ਲੜੀ ਜੰਗ
ਵੇਖੇਂਗਾ

**ਹਰਪ੍ਰੀਤ ਸਿੰਘ ਗਿੱਲ**
**ਬਾਲਟੀਮੋਰ, ਮੈਰੀਲੈਂਡ**
**ਅਮਰੀਕਾ**
**+1 (410) 340-3779**

# ਯੂਰੋਪੀਅਨ ਕਵੀ

## ਨਜ਼ਮ

### ਜਗਤਾਰ ਢਾਅ



### ਸ਼ਾਂਤ ਯੁੱਧ

ਇਹ ਮੇਲਾ ਨਹੀਂ
ਤਪੱਸਵੀ ਯੋਧਿਆਂ ਦਾ
ਸ਼ਾਂਤ ਯੁੱਧ ਹੈ।

ਹੱਕ-ਸੱਚ ਲਈ
ਸ਼ਾਂਤ ਯੁੱਧ ਲੜਨਾ
ਗੁਰੂ ਅਰਜਨ ਨੇ ਸਿਖਾਇਆ ਸੀ
ਤੇ ਗੁਰੂ ਤੇਗ ਬਹਾਦਰ ਨੇ
ਉਸੇ ਰਾਹ ਉੱਤੇ ਚਲਦਿਆਂ
ਹਾਕਮ ਪਾਸ ਆਪ ਪਹੁੰਚ
ਸੀਸ ਕਟਾਇਆ ਸੀ।

ਅੱਜ ਫਿਰ ਜੋ
ਔਰਤਾਂ, ਬੱਚੇ, ਬੁੱਢੇ, ਜਵਾਨ
ਦਿੱਲੀ ਦੁਆਲੇ ਡਟੇ
ਕੜਕਦੀ ਠੰਢ ਵਿਚ
ਟਰੈਕਟਰਾਂ ਟਰਾਲੀਆਂ ਸੜਕਾਂ ਉੱਤੇ
ਬੈਠੇ ਕਿਸਾਨ ਅੰਦੋਲਨ ਕਰ ਰਹੇ ਹਨ
ਹਾਕਮਾਂ ਦੇ ਜਬਰ ਨੂੰ
ਸਬਰ ਨਾਲ ਸਹਿੰਦੇ
ਸ਼ਾਂਤ ਯੁੱਧ ਲੜ ਰਹੇ ਹਨ।

ਹੱਕ ਸੱਚ ਦਾ ਗਿਆਨ
ਸ਼ਾਂਤ ਯੁੱਧ ਦਾ ਆਧਾਰ ਬਣਦਾ ਹੈ
ਤਰਕ ਅਤੇ ਸਿਰੜ
ਸ਼ੌਂਕ ਯੁੱਧ ਦਾ ਹਥਿਆਰ ਬਣਦਾ ਹੈ

ਸ਼ਾਂਤ ਯੁੱਧ ਲੜਦਾ ਬੰਦਾ
ਜ਼ਾਲਮ ਦਾ ਹਰ ਸਿਤਮ ਸਹਿੰਦਾ ਹੈ
ਅੰਦਰੋਂ ਤਪਦਾ ਹੋਇਆ
ਬਾਹਰੋਂ ਠੰਢਾ ਰਹਿੰਦਾ ਹੈ।

ਇਹ ਮੇਲਾ ਨਹੀਂ
ਤਪੱਸਵੀ ਯੋਧਿਆਂ ਦਾ
ਸ਼ਾਂਤ ਯੁੱਧ ਹੈ।

### ਸਿਜਦਾ

ਪੰਜਾਬ ਨਾਂ ਹੈ ਕ੍ਰਾਂਤੀ ਦਾ
ਜਿਸ ਦਾ ਬੂਟਾ ਨਾਨਕ ਨੇ ਲਾਇਆ
ਗੁਰੂਆਂ ਨੇ ਬਾਣੀ ਅਤੇ ਸ਼ਹਾਦਤਾਂ
ਨਾਲ ਸਿੰਜਿਆ
ਤੇ ਦਸਮੇਸ਼ ਦੀ ਸ਼ਮਸ਼ੀਰ ਨੇ
ਪ੍ਰਵਾਨ ਚੜ੍ਹਾਇਆ।

ਪੰਜਾਬ ਨਾਂ ਹੈ ਇਨਕਲਾਬ ਦਾ
ਜਿਸ ਦਾ ਝੰਡਾ
ਭਗਤ ਸਰਾਭਿਆਂ ਊਧਮ ਸਿੰਘਾਂ
ਅਤੇ ਗ਼ਦਰੀ ਬਾਬਿਆਂ ਨੇ
ਲਹਿਰਾਇਆ।


ਪੰਜਾਬ ਨਾਂ ਹੈ
ਹੱਕ ਸੱਚ ਲਈ ਜਾਗਰਿਕਤਾ ਅਤੇ
ਸੰਘਰਸ਼ ਦਾ
ਅੱਜ ਫਿਰ ਜੋ ਦਿੱਲੀ ਵੱਲ ਧਾਅ
ਰਿਹਾ–

ਲੁਟੇਰਿਆਂ ਦੀ ਬਣੀ ਰਹੀ ਜੋ ਸਦਾ
ਅੜੀਅਲ ਦਿੱਲੀ ਨੂੰ ਕਰਨ ਲਈ
ਢਿੱਲੀ
ਬੁਢਿਆਂ ਜੁਆਨਾਂ, ਮਜ਼ਦੂਰਾਂ
ਕਿਰਸਾਨਾਂ ਦਾ ਅਟੁੱਟ ਕਾਫ਼ਲਾ
ਉਸ ਨੂੰ ਘੇਰਾ ਪਾ ਰਿਹਾ।

ਤੇਰਾ ਇਹ ਕਿਰਸਾਨੀ ਸੰਘਰਸ਼ ਦੇਖ
ਪੰਜਾਬ
ਸੱਚਮੁੱਚ ਇਉਂ ਲਗਦਾ
ਭਾਰਤ ਦੀ ਮੁਰਦਾ ਰੂਹ ਅੰਦਰ
ਤੂੰ ਮੁੜ ਜਾਨ ਪਾ ਰਿਹਾ–
ਮੋਦੀ ਉਸਾਰ ਰਿਹਾ ਥਾਂ ਥਾਂ ਲੋਟੂ
ਭਵਨ
ਤੂੰ ਉਸ ਦੇ ਅੰਤ ਦੀ ਸ਼ੁਰੂਆਤ ਕਰ
ਹੱਕ-ਸੱਚ ਵਾਲਾ ਨਵਾਂ ਭਾਰਤ ਬਣਾ
ਰਿਹਾ।

ਸਰਬੱਤ ਦਾ ਭਲਾ ਮੰਗਦਾ ਪੰਜਾਬ
ਲੁੱਟ ਜਬਰ ਸਾਹਵੇਂ, ਸ਼ੇਰ ਬਣ ਸਦਾ
ਡਟਦਾ ਰਿਹਾ
ਤੇ ਅੱਜ ਵੀ ਗੜ੍ਹਕਦਾ ਹੈ–
ਵਿਦੇਸ਼ਾਂ ’ਚ ਵੱਸਦੇ ਮੇਰੇ ਜਹੇ
ਲੱਖਾਂ ਪੰਜਾਬੀਆਂ ਦੇ ਦਿਲਾਂ ਅੰਦਰ
ਸਦਾ ਧੜਕਦਾ ਰਿਹਾ
ਤੇ ਅੱਜ ਵੀ ਧੜਕਦਾ ਹੈ।

**ਜਗਤਾਰ ਢਾਅ**
**ਯੂ. ਕੇ.**



## ਨਜ਼ਮ

**ਡਾ. ਅਮਰ ਜਿਉਤੀ**




## ਕਿਸਾਨਾਂ ਵਿੱਚ ਬੈਠਾ ਨਾਨਕ

ਕਿਸਾਨਾਂ ਵਿੱਚ ਬੈਠਾ
ਮੈਨੂੰ ਨਾਨਕ ਨਜ਼ਰ ਆਇਆ
ਉਹਨਾਂ ਦੇ ਹੱਕ ਦਾ
ਨਾਅਰਾ ਉਸ ਲਾਇਆ।
ਧਰਤੀ ਵਿੱਚ ਬੀਜੀ ਸੀ
ਉਸਨੇ ਰਹਿਮਤ।
ਉੱਗੀ ਸੀ ਉਸ ਵਿੱਚ
ਲੋਕਾਂ ਦੀ ਖ਼ਿਦਮਤ ਅੰਨ ਦੇ ਭੰਡਾਰ
ਖੁੱਲ੍ਹਾ ਲੰਗਰ ਵਰਤਾਇਆ
ਕਿਸਾਨਾਂ ਵਿੱਚ ਬੈਠਾ
ਮੈਂਨੂੰ ਨਾਨਕ ਨਜ਼ਰ ਆਇਆ।
ਹੱਕ ਸੱਚ ਦੀ ਕੀਤੀ ਕਮਾਈ
ਬਾਬਰ ਨੇ ਚਾਹੇ ਉਸ ਤੋਂ ਚੱਕੀ
ਪਿਸਵਾਈ ਜ਼ੁਲਮ ਦੀ ਇੰਤਹਾ ਹੋਈ
ਸ਼ਬਦ ਉਸ ਗਾਇਆ
ਬੰਦ ਖ਼ਲਾਸੀ ਲਈ ਬਾਬਰ
ਆਪ ਜੇਲ੍ਹ ਆਇਆ
ਕਿਸਾਨਾਂ ਵਿੱਚ ਬੈਠਾ ਮੈਨੂੰ
ਨਾਨਕ ਨਜ਼ਰ ਆਇਆ ;
ਦਿੱਸਦੇ ਸਭ ਉਸਨੂੰ ਰੱਬ ਦੇ ਬੰਦੇ
ਊਚ ਨੀਚ ਜ਼ਾਤ ਪਾਤ
ਉਸ ਲਈ ਮੰਦੇ
ਮਜ਼ਦੂਰ ਕਿਸਾਨ ਸੱਭ
ਉਸ ਲਈ ਚੰਗੇ
ਲਾਲੋ ਘਰ ਰੋਟੀ ਖਾ ਕੇ
ਮਲਕ ਭਾਗੋ ਸਮਝਾਇਆ
ਕਿਸਾਨਾਂ ਵਿੱਚ ਬੈਠਾ
ਮੈਨੂੰ ਨਾਨਕ ਨਜ਼ਰ ਆਇਆ ;
ਮਰਦਾਨਾ ਰਬਾਬ ਵਜਾਵੇ
ਨਾਨਕ ਬਾਣੀ ਗਾਉਂਦਾ
ਇਲਾਹੀ ਅਨੁਰਾਗ ਵਿੱਚ
ਲੋਕਾਂ ਦੀ ਬਾਤ ਪਾਉਂਦਾ
ਹਰ ਕੋਈ ਸੁਣ ਉਸਨੂੰ
ਉਹਦੇ ਰੰਗ ਵਿੱਚ ਆਉਂਦਾ
ਧੁੱਪ ਵਿੱਚ ਤੁਰਦਾ
ਸੂਰਜ ਨਜ਼ਰ ਆਇਆ,
ਮੀਡੀਆ ਸੁਣ ਉਸਤਤ
ਮੁਲਾਕਾਤ ਲਈ ਆਇਆ
ਕਿਸਾਨਾਂ ਵਿੱਚ ਬੈਠਾ
ਮੈਨੂੰ ਨਾਨਕ ਨਜ਼ਰ ਆਇਆ ;
ਹਨੇਰਿਆਂ ਨੂੰ ਚੀਰਦਾ
ਉਹਦਾ ਹਰ ਸ਼ਬਦ ਬੋਲਦਾ
ਜਬਰ ਦੇ ਮਾਅਨੇ ਉਹ
ਤੱਕੜੀ ਵਿੱਚ ਤੋਲਦਾ
ਮੁਨਸਿਫ਼ ਪਿਆ ਸੁਣਦਾ
ਕੁਝ ਨਾ ਬੋਲਦਾ ਬੋਲੇ ਕੰਨਾਂ ਤਾਂਈ
ਸੱਚ ਆਖ ਸੁਣਾਇਆ
ਤੁਰ ਕੇ ਫਿਰ ਉਹ
ਨਾਨਕ ਦਰਬਾਰ ਵਿੱਚ ਆਇਆ
ਕਿਸਾਨਾਂ ਵਿੱਚ ਬੈਠਾ 'ਉਸਨੂੰ'
ਨਾਨਕ ਨਜ਼ਰ ਆਇਆ,
ਸੱਭ ਦੇ ਹੱਕ ਦਾ ਜਦ
ਨਾਅਰਾ ਉਸ ਲਾਇਆ ।

**ਡਾ. ਅਮਰ ਜਿਉਤੀ**
**ਯੂ. ਕੇ.**

## ਨਜ਼ਮ

### ਅਜ਼ੀਮ ਸ਼ੇਖ਼ਰ



## ਕਿਸਾਨ ਸੰਘਰਸ਼ ਦੀ ਵਾਰ

ਮੌਲ਼ੀ ਰੁੱਤ ਨੀ ਮਾਏ
ਵੇਖ ਸਿਰਾਂ ਦੀਆਂ ਫਸਲਾਂ ਦੀ,
ਬਾਗ਼ੀ ਪੌਣ ਸ਼ੂਕਦੀ
ਵਾਰ ਚੰਡੀ ਦੀ ਗਾਵੇ ।

ਮਿੱਧੇ ਸੱਪਾਂ ਦੇ ਸਿਰ
ਜਿੱਥੇ ਨੰਗੇ ਪੈਰਾਂ ਨੇ,
ਓਸੇ ਖੇਤੋਂ ਮਿੱਟੀ
ਉੱਡਕੇ ਦਿੱਲੀ ਜਾਵੇ ।

ਹੋ ਗਏ ਰੰਗ ਬਸੰਤੀ
ਗੂੜ੍ਹੇ ਸਾਡੇ ਚੋਲ਼ਿਆਂ ਦੇ ,
ਚਿੱਟਾ ਬਾਜ ਮਨਾਂ ਵਿੱਚ
ਰੋਜ਼ ਉਡਾਰੀ ਲਾਵੇ ।

ਏਨੇ ਸੂਰਜ ਕਿੱਥੋਂ ਆ ਗਏ
ਚਾਨਣ ਵੰਡਣ ਲਈ,
ਅੰਬਰ ਉੱਤੇ ਸਮਝ ਨਾ
ਇਹ ਸੂਰਜ ਨੂੰ ਆਵੇ ।

ਝੂਲੇ ਜਿੱਤ ਦਾ ਪਰਚਮ
ਹਰ ਸਿਦਕੀ ਦੇ ਮੋਢੇ ‘ਤੇ,
ਬਲ਼ਦਾ ਸੁਪਨਾ ਨੇੜ੍ਹੇ
ਵਿੱਚ ਰਸਤੇ ਰੁਸ਼ਨਾਵੇ ।

ਤਣ ਗਏ ਚਾਦਰ ਵਾਂਗੂੰ
ਲੋਕੀਂ ਹਿੰਦ ਦੀ ਪੱਤ ਲਈ,
ਲੱਗਦਾ ਹੈ ਇਤਿਹਾਸ ਜਿਉਂ
ਖ਼ੁਦ ਨੂੰ ਫਿਰ ਦੁਹਰਾਵੇ ।

ਕੱਢੇ ਜਾਣੇ ਨੇ ਹੁਣ
ਭਰਮ ਔਰੰਗੀ ਢਾਣੀ ਦੇ,
ਜੋ ਗਲ਼ ਵਿੱਚ ਗੂਠਾ ਦੇ ਕੇ
ਫ਼ਤਵੇ ਨਿੱਤ ਸੁਣਾਵੇ ।

ਰੋਟੀ ਸਣੇ ਬਚਾਉਣੀ
ਹੋਂਦ ਹੈ ਕਾਵਾਂ ਕੁੱਤਿਆਂ ਤੋਂ
ਰਲ਼ਕੇ ‘ਕੱਲਾ ‘ਕੱਲਾ
ਜੀਅ ਡੰਡਾ ਖੜਕਾਵੇ ।

ਫ਼ਿਕਰ ਪਿਆ ਹੈ
ਕਮਲ ਖਿੜਾਉਂਦੀ ਮੈਲ਼ੀ ਗੰਗਾ ਨੂੰ ,
ਅੱਕਿਆ ਸਤਲੁਜ ਜੱਦ ਤੋਂ
ਜਮਨਾ ਦੇ ਪੁਲ਼ ਢਾਹਵੇ ।

ਕੋਰੇ ਪੰਨੇ ਕਰਨ ਉਡੀਕ
ਜੋ ਨਵੀਂ ਇਬਾਰਤ ਦੀ,
ਲੋਕਾਂ ਹੱਥੋਂ ਓਹੀ
ਸਮਾਂ ‘ਅਜ਼ੀਮ’ ਲਿਖਾਵੇ ।

**ਅਜ਼ੀਮ ਸ਼ੇਖ਼ਰ**
**ਲੰਡਨ, ਇੰਗਲੈਂਡ**

## ਨਜ਼ਮ

ਦਰਸ਼ਨ ਬੁਲੰਦਵੀ




## ਹੱਥ

ਹੇ ਕਿਰਤੀ ਕਿਸਾਨ।
ਤੇਰਾ ਹੱਥ ਤਾਂ ਸੱਚਾ ਸੁੱਚਾ
ਕਿਰਤ ਕਲਾ ਦਾ ਉਪਾਸ਼ਕ ਏ
ਸਰਬ ਕਲਾ ਸਮਰੱਥ ਏ।
ਵਿਸ਼ਵਕਰਮਾ ਦਾ ਵਰਦਾਨ ਇਸ ਨੂੰ
ਸੰਦਾਂ ਦਾ ਪ੍ਰਣਾਮ ਇਸ ਨੂੰ
ਸ਼ਾਸਤਰਾਂ ਦੀ ਪਾਨ ਚੜ੍ਹਿਆ
ਯੋਧਿਆਂ ਦਾ ਸੰਸਕਾਰ ਏ।
ਇਹ ਅਲਸਾਇਆ ਵੀ ਗਤੀਸ਼ੀਲ ਏ
ਇਹ ਝੁਰੜਾਇਆ ਵੀ ਸਖ਼ਤ ਠੋਸ
ਏ।

ਹਵਾ ਵਿੱਚ ਲਹਿਰਾਵੇ ਤਾਂ
ਝੰਡੇ ਦੀ ਨਿਆਈਂ  ਹੋਵੇ
ਹੱਥ ਨਾਲ ਹੱਥ ਮਿਲਾਵੇ ਤਾਂ
ਮਖਮਲ ਵਾਂਗ ਮੁਲਾਇਮ ਹੋਵੇ।
ਪੰਜਾ ਡਾਹਵੇ ਤਾਂ
ਪਰਬਤਾਂ ਨੂੰ ਥੰਮ ਲਵੇ
ਕਲਮ ਚੁੱਕੇ ਤਾਂ
ਪੱਥਰ ਕਸ਼ੀਦ ਲਵੇ।
ਲੋਹੇ ਨਾਲ ਲੋਹਾ ਹੋਵੇ ਤਾਂ
ਅੰਗਿਆਰ ਕਿਰਦੇ
ਮਿੱਟੀ ਨਾਲ ਮਿੱਟੀ ਹੋਵੇ ਤਾਂ
ਸਿਰਜਣਾ ਸਾਕਾਰ ਹੋਵੇ।
ਸ਼ਾਸਤਰ ਫੜੇ ਤਾਂ
ਜਬਰ ਦਾ ਥੰਮ ਹਿਲਾਵੇ
ਮਜ਼ਲੂਮ ਨਾਲ ਖੜ ਤਾਂ
ਝੰਡਾ ਗੱਡ ਕੇ ਵਿਖਾਵੇ।
ਜਦ ਕੋਈ ਲਵੇ ਇਮਤਿਹਾਨ
ਏਸੇ ਹੱਥ 'ਚੋਂ ਉੱਠਣ ਤੂਫ਼ਾਨ
ਤੂੰ ਜਾਣ ਨਾ ਜਾਣ
ਪਰ ਜਾਣੇ ਕੁੱਲ ਜਹਾਨ
ਹੇ ਕਿਰਤੀ ਕਿਸਾਨ ।

ਦਰਸ਼ਨ ਬੁਲੰਦਵੀ
ਯੂ. ਕੇ.
+44 7748 791804



ਨਜ਼ਮ

**ਬਲਵਿੰਦਰ ਸਿੰਘ ਚਾਹਲ**



## ਅਲਵਿਦਾ 2020 ਖੁਸ਼ਆਮਦੀਦ 2021

ਜਾ ਰਹੇ ਵਰ੍ਹੇ ਨੂੰ
ਕਿੰਝ ਆਖਾਂ ਅਲਵਿਦਾ
ਤੇ ਕਿੰਝ
ਆ ਰਹੇ ਨੂੰ ਖੁਸ਼ਆਮਦੀਦ ਕਹਾਂ

ਅੰਨਦਾਤਾ
ਕਿਰਤੀ-ਕਾਮੇ
ਭੈਣ, ਭਾਈ
ਸੰਗੀ, ਸਾਥੀ
ਬੱਚਾ, ਬੁੱਢਾ
ਬੇਬੇ, ਬਾਪੂ
ਸੜਕਾਂ ਤੇ ਰੁਲ ਰਹੇ ਨੇ
ਕੜਕਦੀ ਠੰਡ
ਤੇ ਸਿਆਲੂ ਰਾਤਾਂ ਵਿੱਚ

ਰਾਜਧਾਨੀ ਦੇ ਦੁਆਰ ਉੱਤੇ
ਯੁੱਧ ਲੜ ਰਹੇ ਨੇ
ਹੱਕ ਸੱਚ, ਸਵੈਮਾਣ ,
ਤੇ ਕਿਰਤ ਬਿਰਤ ਦਾ
ਹੋਂਦ, ਪਹਿਚਾਣ, ਅਣਖ ਇੱਜ਼ਤ ਤੇ
ਸਥਾਪਤੀ ਲਈ

ਇਸ ਨਾਦਰਸ਼ਾਹੀ, ਹਿਟਲਰਸ਼ਾਹੀ
ਤੇ ਫਾਸ਼ੀਵਾਦ ਦਾ ਮੂੰਹ ਚਿੜਾਉਂਦੀ
ਹਾਕਮ ਦੇ ਸੀਨੇ 'ਤੇ ਗੋਡਾ ਰੱਖ ਕੇ
ਜਾਤਾਂ ਧਰਮਾਂ ਤੋਂ ਉੱਪਰ ਉੱਠੀ
ਲੜਾਈ ਦੇ ਲੋਕ ਨਾਇਕੋ
ਤੁਹਾਡੇ ਏਕੇ ਦੇ ਸੰਘਰਸ਼ ਸਦਕਾ
ਕੱਲ ਦਾ ਸੂਰਜ
ਨਵੀਂ ਰੌਸ਼ਨੀ
ਨਵੀਂ ਕਿਰਨ
ਨਵੀਂ ਉਮੀਦ ਨਾਲ ਚੜੇਗਾ

ਤੇ, ਗ੍ਰਹਿਣੇ ਹੋਏ ਸੂਰਜ
ਤੁਹਾਡੇ ਸਾਗਰ ਦੀਆਂ ਲਹਿਰਾਂ ਉਹਲੇ
ਪ੍ਰਚੰਡ ਰੋਹ ਦੇ ਤੇਜ ਨਾਲ
ਮੁਹੱਬਤੀ ਕਲਾਵੇ ਸਦਕਾ
ਏਕਤਾ ਦੀ ਛਾਂ ਹੇਠ
ਸ਼ਬਦ, ਸਾਂਝ, ਸੰਜਮ
ਸੰਗਤ, ਪੰਗਤ, ਲੰਗਰ
ਤੇ ਲੋਕਾਈ ਦੇ ਹੜ੍ਹ ਮੂਹਰੇ
ਅਸਤ ਹੋ ਜਾਣਗੇ

ਫਿਰ ਆਖਾਂਗਾ
ਨਵੇਂ ਸਾਲ ਖੁਸ਼ਆਮਦੀਦ
ਖੁਸ਼ਅਮਾਦੀਦ
ਜਾ ਰਹੇ ਨੂੰ
ਅਲਵਿਦਾ ਅਲਵਿਦਾ

**ਬਲਵਿੰਦਰ ਸਿੰਘ ਚਾਹਲ**
**ਯੂ ਕੇ**

## ਨਜ਼ਮ

### ਡਾ. ਲੋਕ ਰਾਜ



### ਬਹੁਤ ਅਰਸੇ ਬਾਅਦ

ਬਹੁਤ ਅਰਸੇ ਬਾਅਦ
ਅਜਿਹਾ ਹੋਇਆ ਹੈ
ਕਿ ਰੋਸ ਰੋਹ ਬਣ ਕੇ
ਸਹੀ ਦਿਸ਼ਾ 'ਚ ਵਹਿ ਤੁਰਿਆ ਹੈ
ਲੋਕ ਏਕਤਾ ਦਾ
ਠਾਠਾਂ ਮਾਰਦਾ ਦਰਿਆ
ਉਸ ਕਿਲ੍ਹੇ ਵੱਲ ਵਧਿਆ ਹੈ
ਜਿੱਥੇ ਇਸ ਦੇ ਪਾਣੀਆਂ ਨੂੰ ਵੰਡਣ
ਤੇ ਧਰਤੀ ਨੂੰ ਰੰਗਣ ਦੀਆਂ
ਸਾਜ਼ਿਸ਼ਾਂ ਜਨਮ ਲੈਂਦੀਆਂ ਨੇ
ਵਰ੍ਹਿਆਂ ਦੀ ਪੀੜ ਦੇ ਹਿਮਾਲਾ 'ਚੋਂ
ਅਖ਼ੀਰ ਗੰਗਾ ਨਿਕਲ ਤੁਰੀ ਹੈ
ਗੰਗਾ, ਜੋ ਜਾਮਨ ਬਣੇਗੀ
ਜਿਊਂਦੇ ਲੋਕਾਂ ਦੀ ਮੁਕਤੀ ਦੀ।

ਡਾ ਲੋਕ ਰਾਜ
ਯੂ. ਕੇ.
+44 7766 834152

## ਗ਼ਜ਼ਲ

### ਦਾਦਰ ਪੰਡੋਰਵੀ



### ਗ਼ਜ਼ਲ

ਜੇ ਤੋਤੇ ਬੈਠ ਵੀ ਗਏ ਪੱਕੀਆਂ
ਫ਼ਸਲਾਂ 'ਤੇ ਆ ਕੇ।
ਅਸੀਂ ਖੇਤਾਂ 'ਚ ਹੀ ਗੱਡ ਦੇਵਾਂਗੇ
ਡਰਨੇ ਬਣਾ ਕੇ।

ਇਨ੍ਹਾਂ ਦੇ ਜਿਸਮ ਤਾਂ ਠੰਡੇ ਨਾ ਹੋਣੇ
ਬਰਫ਼ ਵਿਚ ਵੀ,
ਇਹ ਜੁੱਸੇ ਬਲ਼ਦੇ ਦਰਿਆਵਾਂ 'ਚੋਂ
ਆਏ ਨੇ ਨਹਾ ਕੇ।

ਵਪਾਰੀ ਕੋਲ ਸਾਡੀ ਪਿਆਸ
ਗਿਰਵੀ ਰੱਖ ਦਿੱਤੀ,
ਉਹ ਮੁੜ ਮੁੜ ਪਾਣੀਆਂ ਨੂੰ ਵੇਖਦੈ
ਰੇਤਾ ਬਣਾ ਕੇ।

ਅਖ਼ੀਰੀ ਵਕਤ ਤੈਨੂੰ
ਰੀਂਘਣਾ ਵੀ ਭੁੱਲ ਜਾਣਾ,
ਕਦੋਂ ਤਾਈਂ ਤੁਰੇਂਗਾ ਹੋਰਾਂ ਦੇ ਤੂੰ ਪੈਰ
ਲਾ ਕੇ।

ਜਲ਼ਾ ਕੇ ਰਾਖ਼ ਕਰ ਦੇਵੇਗੀ ਤੇਰੇ
ਤਖ਼ਤ ਨੂੰ ਹੁਣ,
ਆ ਜਿਹੜੀ ਬਹਿ ਗਈ ਹੈ ਅੱਗ
ਤੇਰੇ ਦਰ 'ਤੇ ਆ ਕੇ।

ਕਿਵੇਂ ਚਿਹਰਾ ਵਿਖਾਵਾਂਗੇ ਅਸੀਂ
ਅਗਲੀ ਨਸਲ ਨੂੰ,
ਜੇ ਮੁੱਠੀ ਇੱਕ ਵੀ ਮਿੱਟੀ ਦੀ,
ਉਹ ਲੈ ਗਏ ਚੁਰਾ ਕੇ।

ਵਿਕਾਊ ਪੌਣ ਵਿਚ ਜੋ ਘੋਲ਼ਦੈਂ ਤੂੰ,
ਝੂਠ ਹੈ ਉਹ,
ਅਸੀਂ ਜਾਵਾਂਗੇ ਤੈਨੂੰ ਸੱਚ ਦੇ ਦਰਸ਼ਨ
ਕਰਾ ਕੇ।

## ਗ਼ਜ਼ਲ

ਜੜ੍ਹ ਪੱਟ ਕੇ ਰੱਖ ਦੇਵੇਗੀ
ਕਿਰਸਾਨੀ,ਦਿੱਲੀ ਦੀ।
ਸਹਿਣ ਨਹੀਂ ਹੋ ਸਕਦੀ ਹੁਣ
ਮਨਮਾਨੀ ਦਿੱਲੀ ਦੀ।

ਮੁੜ ਮੁੜ ਕੇ ਤੂੰ ਛੇੜ ਨਾ ਛੇੜਾਂ,ਦੱਸੀ
ਜਾਂਦੇ ਹਾਂ,
ਹੋ ਜਾਵੇਗੀ ਵਰਨਾ ਬੜੀ ਹੀ ਹਾਨੀ
ਦਿੱਲੀ ਦੀ।

ਉਂਗਲ ਫੜਦੀ ਫੜਦੀ ਹੱਥ ਗਲ਼ ਨੂੰ
ਪਾ ਬੈਠੀ ਏ,
ਸਾਜ਼ਿਸ਼ ਹੈ, ਇਹ ਹਰਕਤ ਹੈ
ਬਚਕਾਨੀ, ਦਿੱਲੀ ਦੀ।

ਗਲ਼ ਦਾ ਹਾਰ ਬਣਾਈ ਸੀ,
ਗਲ਼ ਘੁੱਟਣ ਲੱਗ ਪਈ,
ਮਣਕਾ ਮਣਕਾ ਕਰ ਦੇਣੀ ਹੁਣ
ਗਾਨੀ ਦਿੱਲੀ ਦੀ।

ਚੌਂਕੀਦਾਰ ਏਂ ਜੇਕਰ ਚੌਂਕੀਦਾਰ ਹੀ
ਬਣਕੇ ਰਹਿ,
ਵਰਨਾ ਕਰਨੀ ਆਉਂਦੀ ਏ
ਮਹਿਮਾਨੀ ਦਿੱਲੀ ਦੀ।

ਕੱਲ੍ਹੇ ਕੱਲ੍ਹੇ ਨੂੰ ਇਹ ਅੱਜ ਤੱਕ
ਢਾਉਂਦੀ ਆਈ ਹੈ,
ਹੁਣ ਮੈਦਾਨ 'ਚ ਵੇਖਾਂਗੇ ਭਲਵਾਨੀ
ਦਿੱਲੀ ਦੀ।

ਕਿਉਂ ਪੰਜਾਬ ਨੂੰ ਮਿਲਦੀ ਹੈ ਮਤਰੇਈ
ਮਾਂ ਬਣਕੇ,
ਯਾਦ ਕਰਾਉਣੀ ਦਿੱਲੀ ਨੂੰ ਹੁਣ ਨਾਨੀ
ਦਿੱਲੀ ਦੀ।

ਜਿਹਨਾਂ ਦੇ ਕੋਠੇ ਬੈਠ ਗਈ ਹੈ,ਮੁਜ਼ਰਾ
ਕਰਦੀ ਹੈ,
ਪੱਤ ਲੁੱਟਣਗੇ ਅੰਡਾਨੀ, ਅੰਬਾਨੀ,
ਦਿੱਲੀ ਦੀ।

**ਦਾਦਰ ਪੰਡੋਰਵੀ**
**ਬਾਰਸੀਲੋਨਾ, ਸਪੇਨ**
**0034602153704**

## .ਗ਼ਜ਼ਲ

**ਜਸਵਿੰਦਰ ਮਾਨ**



### .ਗ਼ਜ਼ਲ

ਹਨੇਰਾ ਮਾਰਦਾ ਏ ਸਾਨੂੰ,
ਅਸੀਂ ਮੋਈ ਜਾਨੇ ਆਂ।
ਬੁਝੀ ਅੱਗ ਦੇ ਸਿਰ੍ਹਾਣੇ ਬੈਠੇ
ਰੋਈ ਜਾਨੇ ਆਂ।

ਆਹ ਤਾਂ ਅਪਣਾ ਹੀ ਲਹੂ ਲੱਗਾ
ਆਪਣੇ ਹੀ ਮੱਥੇ,
ਦਾਗ਼ ਸਮਿਆਂ ਦੇ ਹੱਥੀਂ,
ਅਸੀਂ ਧੋਈ ਜਾਨੇ ਆਂ।


ਇਕ ਹੱਥ ਵਿੱਚ ਜਿਹੜੀ
ਇਨ੍ਹਾਂ ਤਖ਼ਤਾਂ ਨੇ ਦਿੱਤੀ,
ਦੂਜੇ ਹੱਥ ਵਿੱਚ ਸੂਲ਼
ਉਹ ਪਰੋਈ ਜਾਨੇ ਆਂ।

ਅਸੀਂ ਖੂਹ ਕੋਲ਼ੋਂ ਲੰਘੇ,
ਇਹ ਪਿਆਸਿਆਂ ਦੀ ਗਾਥਾ,
ਖਾਲੀ ਟਿੰਡਾਂ ਆਪੇ
ਪਿੱਠ ਉਤੇ ਢੋਈ ਜਾਨੇ ਆਂ।

ਇਹ ਹੈ ਵੱਤਰ ਜ਼ਮੀਨ,
ਜਾਂ ਇਹ ਬੰਜਰ ਵੀਰਾਨਾ,
ਬੀਜ ਉੱਗੇ ਜਾਂ ਨਾ ਉੱਗੇ,
ਅਸੀਂ ਬੋਈ ਜਾਨੇ ਆਂ।

ਇਹ ਤਾਂ ਸਮਿਆਂ ਦਾ ਸ਼ੀਸ਼ਾ,
ਇਥੇ ਸੱਭ ਨੰਗੇ ਹੋਣੇ,
ਅਸੀਂ ਕੀਹਦੇ ਕੋਲ਼ੋਂ ਚਿਹਰੇ
ਜੀ ਲੁਕੋਈ ਜਾਨੇ ਆਂ।

**ਜਸਵਿੰਦਰ ਮਾਨ**
**ਯੂ. ਕੇ.**
**+44 7974 768284**






## ਨਜ਼ਮ

## ਗੁਰਮੇਲ ਕੌਰ ਸੰਘਾ(ਥਿੰਦ)



ਬੋਲੀ, ਜਾਤਾਂ ਤੇ ਧਰਮਾਂ ਦੇ ਨਾਂ ਤੇ,
ਬੈਠੇ  ਭਾਈਆਂ ਦੀ ਵੰਡ ਕੇ ਢਾਣੀ।
ਸੱਭਿਆਚਾਰ, ਇਲਾਕੇ ਤੇ ਕਿੱਤੇ,
ਵੰਡੀਆਂ ਜ਼ਮੀਨਾਂ ਤੇ ਵੰਡੇ ਪਾਣੀ।
ਰਾਜਨੀਤੀ ਵਿੱਚ ਪਾਰਟੀਆਂ ਨੇ,
ਪਾੜ ਬਿਠਾਇਆ ਲੋਕਾਂ ਨੂੰ।
ਜਾਗੋ, ਜਾਗੋ ਪਛਾਣੋ ਕਿਰਤੀਓ,
ਕਿਸਾਨੋ
ਆਹ ਖ਼ੂਨ ਪੀਣੀਆਂ ਜੋਕਾਂ ਨੂੰ।

ਜਾਗੋ, ਜਾਗੋ ! ਪਛਾਣੋ ਕਿਸਾਨੋ
ਆਹ ਖ਼ੂਨ ਪੀਣੀਆਂ ਜੋਕਾਂ ਨੂੰ।

ਲੋਕਰਾਜ ਵਿੱਚ ਤਾਨਾਸ਼ਾਹੀਆਂ,
ਕਨੂੰਨਾਂ ਦੀਆਂ ਉਡੀਆਂ ਧੱਜੀਆਂ।
ਬੂਹੇ ਤੇ ਲਿਖਵਾ ਕੇ 'ਸਵਾਗਤ',
ਅੰਦਰੋਂ ਪੱਕੀਆਂ ਕੁੰਡੀਆਂ ਵੱਜੀਆਂ।

ਨੱਥ ਪਾ ਜਾਣੀ ਕਾਮੇ-ਕਿਰਤੀਆਂ,
ਲੁੱਟ ਲੁੱਟ ਖਾਣਿਆਂ ਬੋਕਾਂ ਨੂੰ।
ਜਾਗੋ, ਜਾਗੋ ਪਛਾਣੋ ਕਿਰਤੀਓ,
ਆਹ ਖ਼ੂਨ ਪੀਣੀਆਂ ਜੋਕਾਂ ਨੂੰ।

ਭੁੱਲਣੇ ਨਹੀਂ ਚੂੜੇ-ਚੁੰਨੀਆਂ ਲੁੱਟਦੇ,
ਧਰਮ ਦੇ ਨਾਂ ਤੇ ਠੱਗਾਂ ਨੂੰ।
ਰਾਜਨੀਤੀ ਦੀ ਲਾਈ ਅੱਗ ਵਿੱਚ,
ਲੱਖਾਂ ਹੀ ਸੜ ਗਈਆਂ ਪੱਗਾਂ ਨੂੰ।
ਸਰਮਾਏਦਾਰੀ ਲੁੱਟਦੀ ਆਈ,
ਬੇਬਸਿਆਂ ਦੀਆਂ ਢੋਕਾਂ ਨੂੰ।
ਜਾਗੋ, ਜਾਗੋ ! ਪਛਾਣੋ ਕਿਸਾਨੋ,
ਆਹ ਖ਼ੂਨ ਪੀਣੀਆਂ ਜੋਕਾਂ ਨੂੰ।

ਜ਼ਾਲਮ ਵਕਤ ਦਾ ਦੋ ਧਾਰੀ ਖੰਜਰ,
ਇਤਿਹਾਸ ਬਦਲ ਦਵੇ ਪੱਥਰਾਂ ਦੇ।
ਲਹੂ ਨਾਲ ਉਕਰੇ ਹਰਫ਼ ਪੱਥਰ 'ਤੇ,
ਮਾਇਨੇ ਬਦਲ ਦੇਣ ਅੱਖਰਾਂ ਦੇ।
ਸੈਲਾਬ ਬਗ਼ਾਵਤ ਦੇ 'ਗੁਰਮੇਲ',
ਹੜ੍ਹਾਂਉਂਦੇ ਰੂੜੀਵਾਦੀ ਰੋਕਾਂ ਨੂੰ।
ਜਾਗੋ, ਜਾਗੋ ! ਪਛਾਣੋ ਕਾਮਿਓਂ,
ਆਹ ਖ਼ੂਨ ਪੀਣੀਆਂ ਜੋਕਾਂ ਨੂੰ।

ਗੁਰਮੇਲ ਕੌਰ ਸੰਘਾ(ਥਿੰਦ)
ਲੰਡਨ

## ਨਜ਼ਮ

ਦਲਜਿੰਦਰ ਰਹਿਲ



## ਯੁੱਧ ਨਾਦ

ਰੋਹ ਹੈ, ਵਿਦਰੋਹ ਹੈ ,
ਹਨੇਰਿਆਂ ਵਿੱਚ ਲੋਅ ਹੈ।
ਇਹ ਕਿਰਤੀਆਂ ਦਾ ਕਾਫ਼ਲਾ,
ਮਨੁੱਖਤਾ ਦਾ ਮੋਹ ਹੈ।

ਇਹ ਗੀਤ ਕਿਰਤ ਬਿਰਤ ਦਾ,
ਤੇ ਹੱਕਾਂ ਦੀ ਜੰਗ ਹੈ।
ਇਹ ਜਜ਼ਬਾ ਪਹਿਚਾਣ ਦਾ,
ਕੁਰਬਾਨੀਆਂ ਦਾ ਰੰਗ ਹੈ।

ਇਹ ਭੀੜ ਨਈਂ ਈਮਾਨ ਹੈ,
ਹੱਕ ਸੱਚ ਦਾ ਤੂਫ਼ਾਨ ਹੈ।
ਹੈ ਕਾਮਿਆਂ ਦੀ ਫ਼ੌਜ ,
ਮੇਰੇ ਦੇਸ਼ ਦਾ ਕਿਰਸਾਨ ਹੈ।

ਇਹ ਯੁੱਧ ਹੈ,ਇਹ ਨਾਦ ਹੈ,
ਇਹ ਸਬਰ ਤੇ ਸੰਤੋਖ਼ ਵੀ।
ਹੈ ਰੰਗ ਸੱਭਿਆਚਾਰ ਦਾ,
ਇਹ ਸ਼ਬਦ ਤੇ ਸਲੋਕ ਵੀ ।


ਇਹ ਸੰਗਤਾਂ ਦੀ ਪੰਗਤ
ਤੇ ਲੰਗਰ ਦੀ ਰੀਤ ਹੈ ।
ਇਹ ਦੁੱਖ-ਦਰਦ ,ਸਾਂਝ-ਸੰਜਮ ,
ਜਿੱਤ ਦਾ ਪ੍ਰਤੀਕ ਹੈ।

ਬੁੱਧ, ਈਸਾ, ਅੱਲ੍ਹਾ ਅਤੇ
ਗੀਤਾ ਦੇ ਸਲੋਕ ਨੇ ।
ਅੱਗੇ ਅੱਗੇ ਨਾਨਕ ,
ਤੇ ਪਿੱਛੇ ਪਿੱਛੇ ਲੋਕ ਨੇ।

ਨਾ ਟੁੱਟਣਾ, ਨਾ ਝੁਕਣਾ ,
ਇਹ ਕਿਸੇ ਤੋਂ ਨਾ ਰੁਕਣਾ।
ਹੈ ਵੇਗ ਕਰਮ-ਧਰਮ ਦਾ,
ਇਸ ਮੰਜਿਲਾਂ ਤੇ ਢੁੱਕਣਾ।

ਧਰਮ ਹੈ, ਈਮਾਨ ਹੈ,
ਇਹ ਅਣਖ ਤੇ ਸਨਮਾਨ ਵੀ।
ਹੈ ਯੁੱਧ ਨਾਦ ਕਿਰਤ ਦਾ
ਤੇ ਜਿੱਤ ਦਾ ਫੁਰਮਾਨ ਵੀ।

**ਦਲਜਿੰਦਰ ਰਹਿਲ**
**ਇਟਲੀ**
**00393272244388**
**dal.rahel@gmail.com**



## ਨਜ਼ਮ

ਨੀਲੂ ਜਰਮਨੀ



ਕਰੀਂ ਬੱਸ ਯਾਦ ਉਹਨਾਂ ਨੂੰ ਜੋ ਹੱਕਾਂ
ਲਈ ਮਰੇ ਹੋਣੇ
ਵੇ ਅੱਗਾਂ ਵਿੱਚ ਦੀ ਲੰਘ ਲੰਘ ਕੇ ਤਾਂ
ਸੋਨੇ ਨੇ ਖਰੇ ਹੋਣੇ ।

ਤੂੰ ਜਦ ਹੱਕਾਂ ਦੀ ਜੰਗ ਜਿੱਤ ਕੇ
ਮੁੜੇਗਾਂ ਖੇਤ ਦੇ ਵੱਲੀਂ
ਕਿ ਫ਼ਸਲਾਂ ਦੇ ਨੈਣੀਂ ਖੁਸ਼ੀਆਂ ਦੇ ਹੰਝੂ
ਨੇ ਭਰੇ ਹੋਣੇ ।

ਜਿਹੜੇ ਤੂੰ ਹੌਂਸਲੇ ਦਿੱਲੀ ਦੀਆਂ
ਸੜਕਾਂ ’ਤੇ ਜਾ ਬੀਜੇ
ਦੇਖੀਂ ਇਤਿਹਾਸ ਦੇ ਪੰਨਿਆਂ ਤੇ ਮੁੜ
ਮੁੜ ਕੇ ਹਰੇ ਹੋਣੇ ।

ਦੁਆਵਾਂ ਦੇ ਰਹੇ ਨੇ ਬੈਠ ਕੇ ਪੰਛੀ ਵੀ
ਵੱਟਾਂ ਤੇ
ਜਿਨ੍ਹਾਂ ਤੇਰੀ ਆਸ ਤੇ ਨੇ ਆਲ੍ਹਣੇ
ਖੇਤੀਂ ਧਰੇ ਹੋਣੇ ।

ਕਰੀਂ ਨਾ ਫਿਕਰ ਜਿਨ੍ਹਾਂ ਨੂੰ ਤੂੰ ਤਾਲੇ
ਮਾਰ ਆਇਆਂ ਏ
ਤੇਰੇ ਘਰ ਦੀ ਵੇ ਰਾਖੀ ਲਈ ਨੇ ਹੁਣ
ਘਰ ਹੀ ਘਰੇ ਹੋਣੇ ।

ਵੇ ਵੀਰਾ ਰਲ ਕੇ ਚਲਿਓਂ ਰਲ ਕੇ ਹੀ
ਜੰਗ ਜਿੱਤ ਇਹ ਹੋਣੀ ਏ
ਕਿ ਮਘਦਿਆਂ ਜੋਸ਼ਾਂ ਨੂੰ ਤੱਕ ਕੇ ਨੇ
ਹੁਣ ਹਾਕਮ ਠਰੇ ਹੋਣੇ ।

ਨਾ ਗਿਣਤੀ ਹੋ ਰਹੀ ਊਧਮ ਤੇ ਸਾਥੋਂ
ਭਗਤ ਸਿੰਘਾਂ ਦੀ
ਸਰਾਭੇ ਵੀ ਤਾਂ ਹੁਣ ਕੁੱਖਾਂ ਚੋਂ ਪੈਦਾ
ਹਰ ਵਰ੍ਹੇ ਹੋਣੇ ।

### 2

ਭਾਵੇਂ ਔਖੇ ਨੇ ਇਹ ਪੈਂਡੇ
ਜੋ ਸੌਖੇ ਸਰ ਨਹੀਂ ਹੋਣੇ
ਬਣੇ ਬਿਨ ਲਾਟ ਇਹ ਦਰਿਆ ਨੇ
ਅੱਗ ਦੇ ਤਰ ਨਹੀਂ ਹੋਣੇ ।

ਜਿਨ੍ਹਾਂ ਦੇ ਦੁੱਧ ਅਸੀਂ ਚੁੰਘੇ ਉਹ
ਮਾਂਵਾਂ ਆਮ ਨਹੀਂ ਵੀਰਾ
ਹਟਾ ਕੇ ਪੈਰ ਪਿੱਛੇ ਦੁੱਧ ਉਹ ਗੁੱਸੇ
ਕਰ ਨਹੀਂ ਹੋਣੇ ।

ਬਾਬੇ ਦੇ ਖੇਤ ਦੀ ਮਿੱਟੀ
ਹੀ ਬਣਦੀ ਏ ਘਰੀਂ ਚੁੱਲ੍ਹੇ
ਇਹੋ ਨੇ ਮਾਣ ਪੁਰਖਿਆਂ ਦੇ
ਜੋ ਗਿਰਵੀ ਧਰ ਨਹੀਂ ਹੋਣੇ ।

ਪਿੱਛੇ ਸਿਵਿਆਂ ‘ਚ ਕਈ ਬਲ ਗਏ
ਤੇ ਧੀਆਂ ਤੁਰਗੀਆਂ ਸੁਹਰੇ
ਜੋ ਸਾਨੂੰ ਤੂੰ ਪਾਏ ਘਾਟੇ
ਉਹ ਤੈਥੋਂ ਭਰ ਨਹੀਂ ਹੋਣੇ ।

ਸਾਨੂੰ ਅੱਖੋਂ ਪਰੋਖੇ ਕਰ ਕੇ
ਘੁੰਮਦਾ ਫਿਰ ਰਿਹੈ ਹਾਕਮ
ਉਹਨੂੰ ਆਖੋ ਵਤੀਰੇ ਹੁਣ
ਇਹ ਓਹਦੇ ਜਰ ਨਹੀਂ ਹੋਣੇ।

ਨੀਲੂ ਜਰਮਨੀ
004915205434798

# ਆਸਟਰੇਲੀਅਨ ਕਵੀ

## ਨਜ਼ਮ

ਮਨਦੀਪ ਬਰਾੜ



ਮੈ ਖਾ ਖਾ ਧੋਖੇ ਥੱਕ ਗਿਆ
ਤੇਰੇ ਮੁੱਢੋਂ ਨੀਅਤ ਖੋਟ
ਤੈਨੂੰ ਦਿੱਲੀਏ ਦੰਦਲਾਂ ਪਾਉਣੀਆਂ
ਐਤਕੀਂ ਲ਼ੈ ਨੰਦਪੁਰ ਦੀ ਓਟ

ਦੇਖ ਨਗਾਰੇ ਚੋਟਾਂ ਵੱਜੀਆਂ
ਤੇਰੀਆਂ ਗ਼ਲੀਆਂ ਤੀਕਰ ਗੂੰਜ
ਮੇਰੇ ਸ਼ੇਰੇ ਹੋਰੀਂ ਆ ਗਏ
ਆਪੋ ਆਪਣਾ ਮੁੜ੍ਹਕਾਂ ਪੂੰਝ

ਮੇਰੀਆਂ ਪੌਣਾਂ ਬਾਣੀ ਪੜਦੀਆਂ
ਮੇਰੇ ਆਬ ਨੂੰ ਅੰਮ੍ਰਿਤ ਆਖਦੇ
ਮੇਰੀ ਮਿੱਟੀ ਜਿਹੜੇ ਜੰਮਦੀ
ਉਹ ਆਖੇ ਲੱਗਣ ਵਾਕ ਦੇ

ਖੰਡਿਆਂ ਨਾਲ ਪਤਾਸੇ ਘੋਲ ਕੇ
ਇਹ ਜੈਕਾਰੇ ਦੇਣ ਬੁਲਾ
ਝਾੜੀਆਂ ਵਿੱਚੋਂ ਉੱਠ ਕੇ
ਇਹ ਜੰਮੇ ਵਿੱਚ ਵੈਸਾਖ ਦੇ

ਛੋੜ ਜਿਉਣ ਦੀ ਲਾਲਸਾ
ਨਾ ਕੱਲੇ ਕਿਰਤੀ ਜਾਣ 'ਲੀਂ
ਇਹਨਾਂ ਅੰਦਰ ਵੱਸੇ ਖ਼ਾਲਸਾ

ਇਹ ਹਲ਼ ਵਾਹੁੰਦੇ ਬਾਬੇ ਨਾਨਕ ਦਾ
ਤੇ ਗੁਰ ਗੋਬਿੰਦ ਦੀ ਤਲਵਾਰ
ਬਰਾੜਾ ਵੇਖ ਜ਼ੁਲਮ ਦੀ ਜੰਞ ਨੂੰ
ਹੋ ਜਾਂਦੇ ਪੱਬਾਂ ਭਾਰ

ਸਾਡੀ ਕਣਕ ਅਣਖ ਨੂੰ ਦੱਬਕੇ
ਤੂੰ ਕਰੇ ਕਸੂਤੀ ਚੋਟ
ਤੈਨੂੰ ਦਿੱਲੀਏ ਦੰਦਲਾਂ ਪਾਉਣੀਆਂ
ਐਤਕੀਂ ਲੈ ਨੰਦਪੁਰ ਦੀ ਓਟ

ਤੈਨੂੰ ਦਿੱਲੀਏ ਦੰਦਲਾਂ ਪਾਉਣੀਆਂ
ਐਤਕੀਂ ਲੈ ਨੰਦਪੁਰ ਦੀ ਓਟ

**ਮਨਦੀਪ ਬਰਾੜ**
**ਮੈਲਬੌਰਨ, ਆਸਟਰੇਲੀਆ**
**+61421002309**

## ਨਜ਼ਮ

## ਡਾ. ਦਵਿੰਦਰ ਸਿੰਘ ਜੀਤਲਾ



### ਵਿਦਵਾਨ ਜੋਧਾ

ਬਣ ਕੇ ਜੋਧਾ ਨਿੱਤਰਿਆ
ਜੰਗੀ ਮੈਦਾਨ ਵਿੱਚ ਲੱਖ ਵਾਰ,
ਵਿਦਵਾਨ ਬਣ ਕੇ ਨਿੱਖਰ
ਕਿਸਾਨੀ ਘੋਲ ਵਿੱਚ ਇਸ ਵਾਰ,
ਇਹ ਵੀ ਇਕ ਰਣਭੂਮੀ ਹੈ
ਸੁਣ ਮਿਹਨਤਕਸ਼ ਕਿਸਾਨਾਂ,
ਸਮਝ ਵੈਰੀ ਦੀ ਹਰ ਚਾਲ ਨੂੰ
ਮਾਤ ਦੇਣ ਲਈ ਹਰ ਵਾਰ।

ਸਾਂਭ ਕੇ ਰੱਖੀਂ ਸਭ ਰਾਸਤੇ
ਜੋ ਦਿਲਾਂ ਦੇ ਨਵੇਂ ਖੁਲ੍ਹ ਗਏ,
ਨਵੀਂ ਨਕੋਰ ਇਕ ਸੱਥ 'ਚ
ਤੇਰੇ ਵਿੱਛੜੇ ਭਰਾ ਮਿਲ ਗਏ,
ਨੋਚਣ ਲਈ ਬਦਨ ਤੇਰਾ
ਗਿਰਝਾਂ ਫਿਰ ਉਡਾਰੀ ਭਰਦੀਆਂ,
ਸਮਝ ਵੈਰੀ ਦੀ ਹਰ ਚਾਲ ਨੂੰ
ਮਾਤ ਦੇਣ ਲਈ ਹਰ ਵਾਰ।

ਸਰਹੱਦ 'ਤੇ ਜਵਾਨ ਖੇਤਾਂ 'ਚ
ਕਿਸਾਨ ਤੂੰ ਹੀ ਹੈਂ ਵਿਦਵਾਨ,
ਆਪਣਾ ਅੰਦਰ ਫਰੋਲ ਤੂੰ ਜ਼ਰਾ
ਆਪਣਾ ਆਪ ਪਹਿਚਾਨ,
ਕਲਾਕਾਰ ਤੇ ਕਵੀ ਸਾਥੀ ਤੇਰੇ
ਮਿਹਰ ਗੁਰਾਂ ਦੀ ਤੇਰੇ ਨਾਲ,
ਸਮਝ ਵੈਰੀ ਦੀ ਹਰ ਚਾਲ ਨੂੰ
ਮਾਤ ਦੇਣ ਲਈ ਹਰ ਵਾਰ।

### ਦਿੱਲੀ ਤਖ਼ਤ

ਇਕ ਜ਼ਾਲਿਮ ਔਰੰਗਜ਼ੇਬ ਸੀ
ਦਿੱਲੀ ਤਖ਼ਤ ਤੇ ਆਣ ਬੈਠਾ,
ਨਸ਼ਾ ਉਸਨੂੰ ਵੀ ਸੀ ਹਕੂਮਤ ਦਾ
ਜਾਮ ਭਰ ਭਰ ਉਸ ਪੀਤਾ,
ਲਾਈ ਲੱਗ ਮੂਰਖਾਂ ਦੇ ਨਿਜ਼ਾਮ
ਵਿੱਚ ਅਕਸਰ ਹੋਇਆ ਹੈ,
ਛਿੱਕੇ ਟੰਗੇ ਕਾਇਦਾ ਕਾਨੂੰਨ ਦਾ
ਜਿਸਮ ਲੀਰੋ-ਲੀਰ ਕੀਤਾ।

ਕਿਸਾਨ ਨਿਮਾਣਾ ਇਕ ਤਰਫ
ਨਾਲ ਉਸ ਦਾ ਈਮਾਨ ਹੈ,
ਸ਼ੈਤਾਨ ਜਰਵਾਣਾ ਦੂਜੀ ਤਰਫ
ਹੱਥ 'ਚ ਉਸਦੇ ਕਮਾਨ ਹੈ,
ਬੇਅਸਰ ਆਹਾਂ ਵੀ ਹੋਈਆਂ
ਰੱਬ ਦੇ ਘਰ ਵੀ ਢਹਿੰਦੇ ਦੇਖੇ,
ਰਿਸ਼ਤਾ ਦਿਲੀ ਸਾਂਝ ਦਾ
ਮੂਰਖਾਂ ਰਲ ਚੀਰੋ-ਚੀਰ ਕੀਤਾ।

ਬਾਬਰ ਜਿਹਾ ਜਾਬਰ ਰਾਜਾ ਫਿਰ
ਦਿੱਲੀ ਤਖ਼ਤ 'ਤੇ ਆ ਬੈਠਾ,
ਅੰਨਦਾਤੇ ਦਾ ਹੱਕ ਲੁੱਟਣ ਦਾ
ਉਹ ਤਹੱਈਆ ਕਰ ਕੇ ਬੈਠਾ,
ਲਾਮ ਲਸ਼ਕਰ ਲੈ ਕੇ ਸਾਰਾ
ਤਸ਼ੱਦਦ ਦੀ ਜੂਹ ਟੱਪ ਜਾਂਦਾ,
ਜਮਹੂਰੀਅਤ ਦਾ ਹਰ ਵਰਕਾ
ਉਸ ਪਾੜ ਤਕਸੀਰ ਕੀਤਾ।

**ਡਾ. ਦਵਿੰਦਰ ਸਿੰਘ ਜੀਤਲਾ**
**ਆਸਟਰੇਲੀਆ**
**dsjitla@yahoo.com.au**

# ਗੀਤ

## ਬਲਵਾਨ ਸਿੰਘ ਬਰਾੜ



ਸੁਣ ਦਿੱਲੀਏ ਜ਼ਮੀਰੋਂ ਢਿੱਲੀਏ ਨੀ
ਮੈਂ ਪੰਜਾਬ ਬੋਲਦਾ ਹਾਂ।
ਤੇਰੇ ਜਬਰਾਂ ਦੀ ਮੇਰੇ ਸਬਰਾਂ ਦੀ
ਮੇਰੇ ਲਈ ਪੱਟੀਆਂ ਕਬਰਾਂ ਦੀ।
ਅੱਜ ਪਰਤ ਖੋਲ੍ਹਦਾ ਹਾਂ

ਤੇਰੇ ਲਾਲ ਕਿਲੇ ਦੀਆਂ ਦੇਗਾਂ ਸੀ
ਪੋਟਿਆਂ ਤੇ ਚੱਲਦੀਆਂ ਤੇਗਾਂ ਸੀ
ਤੇਰੀ ਅੱਖ ਨਹੀਂ ਡੁੱਲ੍ਹੀ
ਡਾਇਰਾਂ ਦੀ ਓਡਵਾਇਰਾਂ ਦੀ
ਫੇਰ ਗਲ਼ ਵਿੱਚ ਪਾਇਆਂ
ਟਾਇਰਾਂ ਦੀ
ਮੈਨੂੰ ਗੱਲ ਨਹੀਂ ਭੁੱਲੀ।

ਮੇਰੇ ਪਿੰਡੇ ਵਾਹੀਆਂ ਲੀਕਾਂ
ਯਾਦ ਤਰੀਕਾਂ
ਯੋਧੇ ਡੱਕੇ ਪਿੱਛੇ ਸੀਖਾਂ
ਦੀ ਕੋਈ ਗੱਲ ਨਹੀਂ ਕਰਦੀ
ਖੋਹ ਲਏ ਝੰਡੇ ਤੂੰ ਪਾਣੀ ਵੰਡੇ
ਬੋਲ ਮੇਰੇ ਵਿੱਚ ਕਚਹਿਰੀਆਂ ਹੰਭੇ
ਤੂੰ ਕੋਈ ਹਾਮੀ ਨਹੀਂ ਭਰਦੀ।

ਮੈਂ ਪਹਿਰਾਂ ਦਿੱਤਾ ਹੱਦਾਂ ’ਤੇ
ਸਰਹੱਦਾਂ ਤੇ
ਤੇਰੇ ਆਪ ਸਹੇੜੇ ਯੱਬਾਂ ਤੇ
ਤੈਨੂੰ ਯਾਦ ਵੀ ਨਹੀਂ ਹੋਣਾ
ਪਿੱਛੇ ਵਾੜ ਹੀ ਖਾ ਗਈ ਫਸਲਾਂ
ਤੇ ਚਿੱਟੇ ਨੀਲੇ ਖਾ ਗਏ ਨਸਲਾਂ
ਸੁਣਿਆਂ ਮਾਵਾਂ ਦਾ ਰੋਣਾ

ਜਿਹੜੇ ਹਿੱਕ ਦਰਿਆ ਦੀ
ਚੜ੍ਹ ਗਏ
ਭੁੱਖੇ ਵਿੱਚ ਮੈਦਾਨਾਂ ਲੜ ਗਏ
ਨੀ ਉਹ ਰੋਕਿਆ ਰੁਕਦੇ ਨਹੀਂ
ਉੱਤੇ ਨੱਚਣ ਖੰਡੇ ਦੀਆਂ ਧਾਰਾਂ
ਨਹੀਂ ਰੁਕਦੇ ਪਾਣੀ ਦੀਆਂ ਬੋਛਾਰਾਂ
ਇਹ ਤੇਰੀ ਹਿੰਡ ਤੋਂ ਝੁਕਦੇ ਨਹੀਂ।

ਪੁੱਛੀਂ ਮੁਗਲ ਤੈਮੂਰ ਫ਼ਰੰਗੀਆਂ
ਜ਼ੁਲਮ ਦੀਆਂ ਕਿੰਨ੍ਹੀਆਂ
ਸਦੀਆਂ ਲੰਘੀਆਂ
ਇਹ ‘ਬੱਲਾ’ ਗੱਦੀ ਵਕਤੀ ਐ
ਸੁਣੇ ਮੈਂ ਇੱਟ ਸਰਹੰਦ ਦੀ ਖੜਕੇ
ਲੜਦੇ ਸਿਰ ਤਲ਼ੀਆਂ ’ਤੇ ਧਰਕੇ
ਦਾਤ ਇਲਾਹੀ ਬਖ਼ਸ਼ੀ ਐ

ਸੁਣ ਦਿੱਲੀਏ ਜ਼ਮੀਰੋਂ ਢਿੱਲੀਏ ਨੀ
ਧਿਰ ਤੋਂ ਹਿੱਲੀਏ ਨੀ
ਮੈਂ ਪੰਜਾਬ ਬੋਲਦਾ ਹਾਂ

**ਬਲਵਾਨ ਸਿੰਘ ਬਰਾੜ**
**ਆਸਟਰੇਲੀਆ**

**ਨਜ਼ਮ**

**ਧਨਵੰਤ ਸਿੰਘ ਭੱਠਲ**



## ਸਮਝੋਂ ਬੇਸਮਝ ਹਾਂ

ਸਮਝੋਂ ਬੇਸਮਝ ਹਾਂ
ਅਜੀਬ ਹੀ ਘੁੰਮਣ ਘੇਰੀ ਹੈ
ਜੰਗੀ ਮਾਹੌਲ ਦੇ ਤੂਫ਼ਾਨੀ
ਪਾਣੀਆਂ ਵਿੱਚ
ਤਰਦੇ ਇਹ ਬਰਫ਼ ਦੇ ਤੋਦੇ
ਅੰਦਰੋਂ ਕਿਤੇ ਘਾਤਕ ਪਰ
ਬਾਹਰੋਂ ਸ਼ਾਂਤ ਤੇ ਅਡੋਲ ਦਿਸਦੇ ਹਨ।

ਦੁਆਲੇ ਦੇ ਬਾਹਰੀ ਮਖੌਟਿਆਂ
ਦੇ ਪਿਛਵਾੜਿਓਂ ਅਸਲੀ ਇਨਸਾਨਾਂ
ਦੀਆਂ ਲਰਜ਼ਦੀਆਂ ਆਵਾਜ਼ਾਂ
ਕਿਧਰੇ ਕਹਿਕਹਿਆਂ ਦੇ ਰੂਪ ਵਿੱਚ
ਬੇਬਾਕ ਸਵਾਲਾਂ ਦੀਆਂ ਝੜੀਆਂ ਨਾਲ
ਪਾਕ ਆਤਮਾਵਾਂ ਨੂੰ ਵੀ ਬਹਿਬਲ
ਕਰਦੀਆਂ ਹਨ ।

ਮਹਿਸੂਸਦਾ ਹਾਂ ਖਾਨਾ-ਜੰਗੀ
ਤੋਂ ਬਾਅਦ
ਚੁੱਪੀ ਦਾ ਮਾਹੌਲ ਜਾਂ ਫਿਰ
ਹਿੱਕਾਂ ਥਾਪੜ ਥਾਪੜ ਕੇ ਕੀਤੇ
ਜਿੱਤਾਂ ਦੇ ਦਾਅਵਿਆਂ ਦਾ ਬੋਲਬਾਲਾ।

ਕਿਉਂ ਇਸ ਜੰਗੀ ਵਾਤਾਵਰਣ ਵਿੱਚ
ਚੁਫ਼ੇਰੇ ਨਜ਼ਰ ਦੌੜਾਇਆਂ ਮੈਨੂੰ ਦੁਆਲੇ
ਮਾਂ, ਬਾਪ, ਭੈਣ, ਭਰਾ, ਰਿਸ਼ਤੇਦਾਰ
ਮਿੱਤਰ ਜਾਂ ਫਿਰ ਜਾਣਕਾਰ ਹੀ
ਆਪੋ ਵਿੱਚ ਟਕਰਾਉਂਦੇ ਨਜ਼ਰੀਂ
ਆਉਂਦੇ ਹਨ ।

ਅੱਖਾਂ ਦੀ ਸ਼ਰਮ ਕਿੱਥੇ
ਉਡੰਤਰ ਹੋ ਗਈ
ਕਿਉਂ ਪਿਆਰ ਮੁਹੱਬਤ ਦਾ ਚਸ਼ਮਾ
ਟੇਲ ਤੇ ਪਹੁੰਚੇ ਕੱਸੀ ਤੇ ਖਾਲ ਵਾਂਗ
ਸੁੱਕਦਾ ਹੀ ਜਾ ਰਿਹਾ ਹੈ ।

ਕਿਉਂ ਲੋਕ ਨਿੱਤ ਦਿਨ ਦਿਹਾੜੇ
ਹਉਮੈਂ ਦੀਆਂ ਖੁੰਢੀਆਂ ਕਿਰਪਾਨਾਂ
ਸਦਕਾ ਹੋਈਆਂ ਆਪਣੀਆਂ
ਗੁੱਝੀਆਂ ਪੀੜ੍ਹਾਂ ਦਾ ਹੀ
ਹਾਲ ਪਾਹਰਿਆ ਕਰਦੇ ਹਨ ।

ਜਾਂ ਫਿਰ ਆਪਣੇ ਤਰਕ ਤੇ ਵਿਚਾਰਾਂ
ਦੇ ਤੀਰਾਂ ਦੀਆਂ ਬੁਛਾੜਾਂ ਨਾਲ

ਇੱਕ ਦੂਸਰੇ ਨੂੰ ਠਿੱਬੀ ਲਾਉਣ
ਦੀਆਂ ਤਰਕੀਬਾਂ ਘੜਦੇ ਹਨ ।


ਕਿਉਂ ਹਰ ਇੱਕ ਕੋਲ ਜਮ੍ਹਾਂ ਹੈ
ਯਾਰਾਂ ਦੇ ਬੇਦਾਵਿਆਂ ਦਾ ਪੁਲੰਦਾ
ਜਦੋਂ ਇਨ੍ਹਾਂ ਨੂੰ ਪਾੜਨ ਦੀ
ਜਾਚ ਸਮਰੱਥਾ
ਦਸਮ ਪਿਤਾ ਨੇ ਆਪ ਬਖ਼ਸ਼ੀ ਹੈ ।

ਪਰ ਕਦੀ ਤਾਂ ਮੱਛੀ ਪੱਥਰ-ਚੱਟ
ਵਾਪਸੀ ਦੇ ਰਾਹ ਪਵੇਗੀ
ਪੱਥਰ ਦਿਲ ਵੀ ਫੇਰ ਪਸੀਜਣਗੇ
ਮੁੜ ਆਵੇਗਾ ਠਹਿਰਾਅ ਦਾ ਜ਼ਮਾਨਾ
ਜਦੋਂ ਉਤਰਨਗੇ ਅੱਖਾਂ ਤੋਂ
ਸਬਜ਼ਬਾਗਾਂ ਦੇ ਖੋਪੇ
ਤਦ ਹੀ ਪਰਤੇਗਾ ਉਹ
ਭਰੱਪਣ ਦਾ ਤਰਾਨਾ
ਫਿਰ ਹੀ ਹੋਵੇਗਾ ਦੂਸਰੇ ਦੀ
ਹੋਂਦ ਦਾ ਅਹਿਸਾਸ ।

ਪਰ ਅਜੇ ਤਕ ਤਾਂ ਮੈਂ ਸ਼ਾਇਦ
ਸਮਝੋਂ ਬੇਸਮਝ ਹਾਂ .......

**ਧਨਵੰਤ ਸਿੰਘ ਭੱਠਲ**
**ਆਸਟਰੇਲੀਆ**
**+61 425 359 842**



# ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ
# ਲੁਧਿਆਣਾ


## ਕਿਸਾਨੀ ਸੰਕਟ: ਸਭਿਆਚਾਰ ’ਤੇ ਪ੍ਰਭਾਵ



**ਡਾ. ਸ. ਪ. ਸਿੰਘ**
ਸਾਬਕਾ ਵਾਈਸ ਚਾਂਸਲਰ
ਗੁਰੂ ਨਾਨਕ ਦੇਵ ਯੂਨੀਵਰਸਿਟੀ
ਅੰਮ੍ਰਿਤਸਰ



**ਡਾ. ਅਰਵਿੰਦਰ ਸਿੰਘ**
ਪ੍ਰਿੰਸੀਪਲ
ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ
ਲੁਧਿਆਣਾ



**ਡਾ. ਕਿਰਪਾਲ ਸਿੰਘ ਔਲਖ**
ਸਾਬਕਾ ਵਾਈਸ ਚਾਂਸਲਰ
ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ



**ਡਾ. ਰਣਜੀਤ ਸਿੰਘ ਘੁੰਮਣ**
ਪ੍ਰੋਫ਼ੈਸਰ ਆਫ ਐਮੀਨੈਂਸ
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ



**ਸ. ਅਮਰਜੀਤ ਗਰੇਵਾਲ**
ਪ੍ਰਸਿੱਧ ਚਿੰਤਕ
ਲੁਧਿਆਣਾ

# ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ

## ਧਰਤਿ ਵੰਗਾਰੇ ਤਖ਼ਤ ਨੂੰ

### ਅੰਤਰਰਾਸ਼ਟਰੀ ਕਵੀ ਦਰਬਾਰ ਤੇ ਵਿਚਾਰ ਚਰਚਾ



**ਡਾ. ਸ. ਪ. ਸਿੰਘ**
ਸਾਬਕਾ ਵਾਈਸ ਚਾਂਸਲਰ



**ਡਾ. ਸੁੱਚਾ ਸਿੰਘ ਗਿੱਲ**
ਉੱਘੇ ਅਰਥਸ਼ਾਸਤਰੀ



**ਡਾ. ਸੁਰਜੀਤ ਪਾਤਰ**
ਪ੍ਰਸਿੱਧ ਸ਼ਾਇਰ



**ਪ੍ਰੋ. ਗੁਰਭਜਨ ਸਿੰਘ ਗਿੱਲ**
ਪ੍ਰਸਿੱਧ ਸ਼ਾਇਰ



**ਜਾਗੀਰ ਸਿੰਘ ਕਾਹਲੋਂ**
ਕੈਨੇਡਾ



**ਸੁਰਜੀਤ ਕੌਰ**
ਕੈਨੇਡਾ



**ਨਕਸ਼ਦੀਪ ਪੰਜਕੋਹਾ**
ਅਮਰੀਕਾ



**ਭੁਪਿੰਦਰ ਦੁਲੇਅ**
ਕੈਨੇਡਾ



**ਕੁਲਵਿੰਦਰ ਖ਼ਹਿਰਾ**
ਕੈਨੇਡਾ



**ਓਂਕਾਰ ਪ੍ਰੀਤ**
ਕੈਨੇਡਾ



**ਸੁਖਵਿੰਦਰ ਅੰਮ੍ਰਿਤ**
ਮੁਹਾਲੀ



**ਸੁਰਜੀਤ ਜੱਜ**
ਫਗਵਾੜਾ



**ਤ੍ਰੈਲੋਚਨ ਲੋਚੀ**
ਲੁਧਿਆਣਾ



**ਸਰਦੂਲ ਸਿੰਘ ਔਜਲਾ**
ਕਪੂਰਥਲਾ



**ਜਗਸੀਰ ਜੀਦਾ**
ਬਠਿੰਡਾ



**ਸੁਖਵਿੰਦਰ ਸਿੰਘ ਰਟੌਲ**
ਪਟਿਆਲਾ

# ਪ੍ਰਬੰਧਕੀ ਟੀਮ



ਡਾ. ਸ. ਪ. ਸਿੰਘ



ਸ. ਅਰਵਿੰਦਰ ਸਿੰਘ



ਡਾ. ਅਰਵਿੰਦਰ ਸਿੰਘ ਭੱਲਾ



ਪ੍ਰੋ. ਗੁਰਭਜਨ ਸਿੰਘ ਗਿੱਲ



ਡਾ. ਭੁਪਿੰਦਰ ਸਿੰਘ



ਡਾ. ਤੇਜਿੰਦਰ ਕੌਰ



ਪ੍ਰੋ. ਸ਼ਰਨਜੀਤ ਕੌਰ



ਡਾ. ਗੁਰਪ੍ਰੀਤ ਸਿੰਘ



ਡਾ. ਹਰਪ੍ਰੀਤ ਸਿੰਘ



ਸ. ਰਜਿੰਦਰ ਸਿੰਘ